ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 20*Issue 52 Monday, March 15, 2021 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਟੋਰਾਂਟੋ, ਪੀਲ ਦੇ ਕੁਝ ਫੈਮਿਲੀ ਡਾਕਟਰਜ਼ ਨੇ ਵੀ ਕੋਵਿਡ-19 ਵੈਕਸੀਨੇਸ਼ਨ ਦਾ ਕੰਮ ਕੀਤਾ ਸ਼ੁਰੂ



ਓਨਟਾਰੀਓ, 14 ਮਾਰਚ (ਪੋਸਟ ਬਿਊਰੋ) : ਸ਼ਨਿੱਚਰਵਾਰ ਤੋਂ ਓਨਟਾਰੀਓ ਦੇ ਕੁੱਝ ਫੈਮਿਲੀ ਡਾਕਟਰਜ਼ ਨੇ ਕੋਵਿਡ-19 ਵੈਕਸੀਨੇਸ਼ਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ।

ਇਸ ਹਫਤੇ ਪ੍ਰੋਵਿੰਸ ਵੱਲੋਂ ਕੀਤੇ ਗਏ ਐਲਾਨ ਤੋਂ ਬਾਅਦ ਟੋਰਾਂਟੋ, ਪੀਲ, ਹੈਮਿਲਟਨ, ਗੁਐਲਫ, ਪੀਟਰਬੋਰੋ ਤੇ ਸਿਮਕੋਅ-ਮਸਕੋਕਾ ਵਿੱਚ ਕੁੱਝ ਫੈਮਿਲੀ ਡਾਕਟਰਜ਼ ਵੱਲੋਂ ਆਕਸਫੋਰਡ-ਐਸਟ੍ਰਾਜ਼ੈਨੇਕਾ ਵੈਕਸੀਨ ਰਾਹੀਂ ਟੀਕੇ ਲਾਏ ਜਾ ਰਹੇ ਹਨ। ਓਨਟਾਰੀਓ ਦੀ ਮੈਡੀਕਲ ਐਸੋਸਿਏਸ਼ਨ ਦਾ ਕਹਿਣਾ ਹੈ ਕਿ ਇਨ੍ਹਾਂ ਇਲਾਕਿਆਂ ਦੇ ਡਾਕਟਰਾਂ ਵੱਲੋਂ 60 ਤੋਂ 64 ਸਾਲ ਉਮਰ ਵਰਗ ਦੇ ਲੋਕਾਂ ਨੂੰ ਆਕਸਫੋਰਡ-ਐਸਟ੍ਰਾਜ਼ੈਨੇਕਾ ਦੇ ਸ਼ੌਟਸ ਦਿੱਤੇ ਜਾ ਰਹੇ ਹਨ ਤੇ ਲੋਕਾਂ ਨੂੰ ਹਲੀਮੀ ਤੋਂ ਕੰਮ ਲੈਣ ਲਈ ਵੀ ਆਖਿਆ ਜਾ ਰਿਹਾ ਹੈ।

ਡਾਕਟਰਾਂ ਨੂੰ ਇਸ ਸਮੇਂ ਇਸ ਵੈਕਸੀਨ ਦੀਆਂ ਸੀਮਤ ਡੋਜ਼ਾਂ ਹਾਸਲ ਹੋ ਰਹੀਆਂ ਹਨ ਪਰ ਜਿਵੇਂ ਹੀ ਵੈਕਸੀਨ ਦੀ ਹੋਰ ਖੇਪ ਆਵੇਗੀ ਤਾਂ ਇਨ੍ਹਾਂ ਡੋਜ਼ਾਂ ਦੀ ਗਿਣਤੀ ਵਿੱਚ ਵੀ ਵਾਧਾ ਹੋ ਜਾਵੇਗਾ। ਇੱਕ ਹੋਰ ਪਾਇਲਟ ਪ੍ਰੋਜੈਕਟ ਤਹਿਤ ਟੋਰਾਂਟੋ, ਵਿੰਡਸਰ ਤੇ ਕਿੰਗਸਟਨ ਵਿੱਚ ਤਿੰਨ ਪਬਲਿਕ ਹੈਲਥ ਯੂਨਿਟਸ ਦੀਆਂ ਫਾਰਮੇਸੀਜ਼ ਵਿੱਚ ਵੀ 60 ਤੋਂ 64 ਸਾਲ ਦਰਮਿਆਨ ਉਮਰ ਵਰਗ ਦੇ ਲੋਕਾਂ ਦਾ ਟੀਕਾਕਰਣ ਸ਼ੁਰੂ ਕੀਤਾ ਗਿਆ।

ਸਿਟੀ ਆਫ ਟੋਰਾਂਟੋ ਨੇ ਦੱਸਿਆ ਕਿ ਸਿਟੀ ਵੱਲੋਂ ਚਲਾਏ ਜਾਣ ਵਾਲੇ ਕਲੀਨਿਕਸ ਵਿੱਚ ਕੋਵਿਡ-19 ਵੈਕਸੀਨੇਸ਼ਨ ਲਈ 7,800 ਲੋਕਾਂ ਨੇ ਅਪੁਆਇੰਟਮੈਂਟ ਬੁੱਕ ਕਰਵਾਈਆਂ। 80 ਸਾਲ ਜਾਂ ਇਸ ਤੋਂ ਵੱਧ ਉਮਰਵਰਗ ਦੇ ਟੋਰਾਂਟੋ ਵਾਸੀ ਵੀ ਅਪੁਆਇੰਟਮੈਂਟ ਬੁੱਕ ਕਰਵਾ ਸਕਦੇ ਹਨ ਪਰ ਉਨ੍ਹਾਂ ਨੂੰ ਸੋਮਵਾਰ ਤੱਕ ਉਡੀਕ ਕਰਨੀ ਹੋਵੇਗੀ ਕਿਉਂਕਿ ਸੋਮਵਾਰ ਤੋਂ ਪ੍ਰੋਵਿੰਸ ਵੱਲੋਂ ਨਵਾਂ ਆਨਲਾਈਨ ਬੁਕਿੰਗ ਸਿਸਟਮ ਸ਼ੁਰੂ ਕੀਤਾ ਜਾ ਰਿਹਾ ਹੈ।

# ਕੋਵਿਡ-19 ਆਊਟਬ੍ਰੇਕ ਕਾਰਨ 27 ਮਾਰਚ ਤੱਕ ਬੰਦ ਰਹੇਗਾ ਐਮੇਜ਼ੌਨ ਦਾ ਬਰੈਂਪਟਨ ਵਿਚਲਾ ਹੈਰੀਟੇਜ ਪਲਾਂਟ



ਬਰੈਂਪਟਨ, 14 ਮਾਰਚ (ਪੋਸਟ ਬਿਊਰੋ) : ਕੋਵਿਡ 19 ਆਊਟਬ੍ਰੇਕ ਕਾਰਨ ਐਮੇਜ਼ੌਨ ਕੈਨੇਡਾ ਨੂੰ ਬਰੈਂਪਟਨ, ਓਨਟਾਰੀਓ ਵਿਚਲਾ ਆਪਣਾ ਹੈਰੀਟੇਜ ਰੋਡ ਪਲਾਂਟ ਬੰਦ ਕਰਨ ਦੇ ਹੁਕਮ ਦਿੱਤੇ ਗਏ ਹਨ।ਇਸ ਰੀਟੇਲ ਕੰਪਨੀ ਵੱਲੋਂ ਇਹੋ ਕਰਨ ਦੀ ਅਪੀਲ ਕੀਤੀ ਜਾ ਰਹੀ ਸੀ।

ਪੀਲ ਪਬਲਿਕ ਹੈਲਥ ਫੋਰਸਿਜ਼ ਵੱਲੋਂ ਜਾਰੀ ਇਨ੍ਹਾਂ ਹੁਕਮਾਂ ਤੋਂ ਬਾਅਦ ਸ਼ੁੱਕਰਵਾਰ ਦੀ ਅੱਧੀ ਰਾਤ ਤੋਂ ਮਗਰੋਂ ਇਸ ਪਲਾਂਟ ਉੱਤੇ 27 ਮਾਰਚ ਤੱਕ ਸਾਰੇ ਵਰਕਰਜ਼ ਨੂੰ ਖੁਦ ਨੂੰ ਸੈਲਫ ਆਈਸੋਲੇਟ ਕਰਨ ਲਈ ਆਖਿਆ ਗਿਆ ਹੈ। ਪੀਲ ਪਬਲਿਕ ਹੈਲਥ ਵੱਲੋਂ ਕੀਤੀ ਗਈ ਜਾਂਚ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਐਮੇਜ਼ੌਨ ਹੈਰੀਟੇਜ ਉੱਤੇ ਹਰ ਕੋਈ ਕੋਵਿਡ-19 ਦੀ ਚਪੇਟ ਵਿੱਚ ਆਇਆ ਹੋ ਸਕਦਾ ਹੈ। ਐਮਜ਼ੌਨ ਦਾ ਕਹਿਣਾ ਹੈ ਕਿ ਉਸ ਇਸ ਸਭ ਕਾਸੇ ਦਾ ਰਸਮੀ ਮੁਲਾਂਕਣ ਚਾਹੁੰਦੇ ਹਨ ਤੇ ਉਨ੍ਹਾਂ ਨੂੰ ਇਸ ਗੱਲ ਦਾ ਵੀ ਡਰ ਹੈ ਕਿ ਇਸ ਨਾਲ ਉਨ੍ਹਾਂ ਦੇ ਕੈਨੇਡੀਅਨ ਗਾਹਕਾਂ ਉੱਤੇ ਵੀ ਅਸਰ ਪਵੇਗਾ।

ਐਮਜ਼ੌਨ ਦੇ ਬੁਲਾਰੇ ਡੇਵ ਬੌਇਰ ਨੇ ਆਖਿਆ ਕਿ ਸਾਡੇ ਕਰਮਚਾਰੀਆਂ ਦੀ ਸਿਹਤ ਤੇ ਸੇਫਟੀ ਅਤੇ ਜਿਨ੍ਹਾਂ ਕਮਿਊਨਿਟੀਜ਼ ਦੀ ਅਸੀਂ ਸੇਵਾ ਕਰਦੇ ਹਾਂ ਉਨ੍ਹਾਂ ਤੋਂ ਜ਼ਿਆਦਾ ਸਾਡੇ ਲਈ ਹੋਰ ਕੋਈ ਗੱਲ ਮਾਇਨੇ ਨਹੀਂ ਰੱਖਦੀ। ਉਨ੍ਹਾਂ ਦੀ ਮਦਦ ਲਈ ਸਾਡੇ ਤੋਂ ਜੋ ਹੋਵੇਗਾ ਅਸੀਂ ਕਰਨ ਲਈ ਤਿਆਰ ਹਾਂ। ਇਸ ਦੇ ਨਾਲ ਹੀ ਅਸੀਂ ਆਪਣੀ ਹੈਰੀਟੇਜ ਰੋਡ ਫੈਸਿਲਿਟੀ ਦੇ ਸਾਰੇ ਕਰਮਚਾਰੀਆਂ ਦੀ 100 ਫੀ ਸਦੀ ਟੈਸਟਿੰਗ ਨਿਯਮਿਤ ਤੌਰ ਉੱਤੇ ਕਰਵਾਉਣੀ ਚਾਹੁੰਦੇ ਹਾਂ।

ਪੀਲ ਦੇ ਮੈਡੀਕਲ ਆਫੀਸਰ ਆਫ ਹੈਲਥ ਡਾ. ਲਾਅਰੈਂਸ ਲੋਹ ਦਾ ਕਹਿਣਾ ਹੈ ਕਿ ਇਸ ਐਮੇਜ਼ੌਨ ਫੈਸਿਲਿਟੀ ਉੱਤੇ 5000 ਦੇ ਨੇੜੇ ਤੇੜੇ ਕਰਮਚਾਰੀ ਕੰਮ ਕਰਦੇ ਹਨ। ਇਨ੍ਹਾਂ ਅਸੈਂਸ਼ੀਅਲ ਵਰਕਰਜ਼ ਤੇ ਜਿਨ੍ਹਾਂ ਕਮਿਊਨਿਟੀਜ਼ ਵਿੱਚ ਇਹ ਰਹਿੰਦੇ ਹਨ ਉਸ ਦੀ ਹਿਫਾਜ਼ਤ ਕਰਨ ਲਈ ਫੌਰੀ ਕਦਮ ਚੁੱਕੇ ਜਾਣ ਦੀ ਲੋੜ ਹੈ। ਲੋਹ ਨੇ ਇਹ ਵੀ ਆਖਿਆ ਕਿ ਐਮੇਜ਼ੌਨ ਤੇ ਬਰੈਂਪਟਨ ਟਰਾਂਜ਼ਿਟ ਵਿੱਚ ਹੋਈਆਂ ਆਊਟਬ੍ਰੇਕਸ ਦਰਮਿਆਨ ਕੋਈ ਲਿੰਕ ਨਹੀਂ ਹੈ। ਬਰੈਂਪਟਨ ਟਰਾਂਜ਼ਿਟ ਨੇ ਆਖਿਆ ਕਿ ਕਈ ਇੰਪਲੌਈਜ਼ ਦੇ ਪਾਜ਼ੀਟਿਵ ਆਉਣ ਤੋਂ ਬਾਅਦ ਸਰਵਿਸ ਸਸਪੈਂਡ ਕੀਤੀ ਗਈ।

# ਖ਼ੂਨ ਦੇ ਥੱਕੇ ਜੰਮਣ ਦਾ ਕੋਈ ਸਬੂਤ ਸਾਹਮਣੇ ਨਹੀਂ ਆਇਆ : ਐਸਟ੍ਰਾਜ਼ੈਨੇਕਾ



ਯੁਨਾਈਟਿਡ ਕਿੰਗਡਮ, 14 ਮਾਰਚ (ਪੋਸਟ ਬਿਊਰੋ) : ਐਸਟ੍ਰਾਜ਼ੈਨੇਕਾ ਨੇ ਐਤਵਾਰ ਨੂੰ ਆਖਿਆ ਕਿ ਉਨ੍ਹਾਂ ਦੀ ਕੋਵਿਡ-19 ਵੈਕਸੀਨ ਨਾਲ ਜਿਨ੍ਹਾਂ ਲੋਕਾਂ ਨੂੰ ਵੈਕਸੀਨੇਟ ਕੀਤਾ ਗਿਆ ਹੈ ਉਨ੍ਹਾਂ ਦਾ ਮੁਲਾਂਕਣ ਕਰਨ ਤੋਂ ਬਾਅਦ ਖੂਨ ਦੇ ਥੱਕੇ ਜੰਮਣ ਦਾ ਕਿਸੇ ਵੀ ਤਰ੍ਹਾਂ ਦਾ ਰਿਸਕ ਸਾਹਮਣੇ ਨਹੀਂ ਆਇਆ।

ਇਹ ਮੁਲਾਂਕਣ ਯੂਰਪੀਅਨ ਯੂਨੀਅਨ ਤੇ ਯੁਨਾਈਟਿਡ ਕਿੰਗਡਮ ਵਿੱਚ ਵੈਕਸੀਨੇਟ ਕੀਤੇ ਗਏ 17 ਮਿਲੀਅਨ ਲੋਕਾਂ ਉੱਤੇ ਕੀਤਾ ਗਿਆ। ਇੱਕ ਬਿਆਨ ਵਿੱਚ ਕੰਪਨੀ ਨੇ ਆਖਿਆ ਕਿ ਇਨ੍ਹਾਂ ਲੋਕਾਂ ਦੇ ਮੁਲਾਂਕਣ ਤੋਂ ਬਾਅਦ ਪਲਮਨਰੀ ਐਂਬੋਲਿਜ਼ਮ, ਡੀਪ ਵੇਨ ਥਰੌਂਬੇਸਿਜ਼ ਜਾਂ ਥਰੌਂਬੋਸਾਇਟੋਪੇਨੀਆ ਦੇ ਰਿਸਕ ਦੇ ਕੋਈ ਸਬੂਤ ਨਹੀਂ ਮਿਲੇ ਹਨ। ਇਹ ਮੁਲਾਂਕਣ ਹਰ ਉਮਰ ਵਰਗ, ਲਿੰਗ ਤੇ ਵੈਕਸੀਨ ਦੇ ਹਰ ਬੈਚ ਦੇ ਨਾਲ ਨਾਲ ਵੱਖ ਵੱਖ ਦੇਸ਼ਾਂ ਦੇ ਲੋਕਾਂ ਉੱਤੇ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਡੈਨਮਾਰਕ, ਨੌਰਵੇਅ ਤੇ ਆਈਸਲੈਂਡ ਦੇ ਅਧਿਕਾਰੀਆਂ ਵੱਲੋਂ ਖੂਨ ਦੇ ਥੱਕੇ ਜੰਮਣ ਦੇ ਮਾਮਲੇ ਵਿੱਚ ਇਸ ਵੈਕਸੀਨ ਦੀ ਵਰਤੋਂ ਮੁਲਤਵੀ ਕਰ ਦਿੱਤੀ ਗਈ ਸੀ ਜਦਕਿ ਆਸਟਰੀਆ ਨੇ ਪਿਛਲੇ ਹਫਤੇ ਖੂਨ ਦੇ ਥੱਕੇ ਜੰਮਣ ਕਾਰਨ ਹੋਈ ਮੌਤ ਦੇ ਮੱਦੇਨਜ਼ਰ ਐਸਟ੍ਰਾਜ਼ੈਨੇਕਾ ਦੇ ਇੱਕ ਬੈਚ ਦੀ ਵਰਤੋਂ ਬੰਦ ਕਰ ਦਿੱਤੀ ਸੀ।ਇਸ ਮਾਮਲੇ ਦੀ ਜਾਂਚ ਵੱਖਰੇ ਤੌਰ ਉੱਤੇ ਕੀਤੀ ਜਾ ਰਹੀ ਹੈ।

ਐਤਵਾਰ ਨੂੰ ਆਇਰਲੈਂਡ ਨੇ ਆਰਜ਼ੀ ਤੌਰ ਉੱਤੇ ਅਹਿਤਿਆਤਨ ਐਸਟ੍ਰਾਜ਼ੈਨੇਕਾ ਦੀ ਵਰਤੋਂ ਮੁਲਤਵੀ ਕਰ ਦਿੱਤੀ। ਦਵਾਈ ਤਿਆਰ ਕਰਨ ਵਾਲੀ ਕੰਪਨੀ ਦਾ ਕਹਿਣਾ ਹੈ ਕਿ ਕੰਪਨੀ ਵੱਲੋਂ ਅਜੇ ਹੋਰ ਟੈਸਟਿੰਗ ਕੀਤੀ ਜਾ ਰਹੀ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਕੰਪਨੀ ਤੇ ਯੂਰਪੀਅਨ ਹੈਲਥ ਅਧਿਕਾਰੀਆਂ ਵੱਲੋਂ ਕੀਤੇ ਜਾਣ ਵਾਲੇ ਰੀਟੈਸਟ ਵਿੱਚ ਚਿੰਤਾ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ।

# ਕੋਰੋਨਾ ਦੇ ਨਵੇਂ ਰੂਪ ਕਾਰਨ ਪੈਰਿਸ ਵਿੱਚ ਘਾਬਰਾਂ, ਲਾਕਡਾਊਨ ਲੱਗ ਸਕਦੈ

* ਪੰਜਾਬ ਵਿੱਚ ਕੋਰੋਨਾ ਦਾ ਨਵਾਂ ਰੂਪ ਮਿਲਿਆ, ਡੀ.ਐੱਸ.ਪੀ ਸਣੇ 20 ਮੌਤਾਂ

* ਪਾਕਿ ਵਿੱਚ ਅੱਜ ਤੋਂ ਸਖਤ ਲਾਕਡਾਊਨ ਲਾਗੂ



ਪੈਰਿਸ, 14 ਮਾਰਚ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕੇਸਾਂ ਵਿਚ ਕੁਝ ਖੜੋਤ ਨਾਲ ਜਦੋਂ ਜ਼ਿੰਦਗੀ ਲੀਹ ਉੱਤੇ ਆਉਣ ਵਾਲੀ ਸੀ ਤਾਂ ਇਸ ਦੇ ਨਵੇਂ ਰੂਪਨਾਲ ਕੋਰੋਨਾ ਦੇ ਕੇਸਾਂ ਦੀ ਗਿਣਤੀ ਵਿਚ ਅਚਾਨਕ ਵਧਣ ਲੱਗ ਪਈ ਤੇ ਫਰਾਂਸ ਵਿੱਚ ਕੋਰੋਨਾ ਦੇ ਵਧਦੇ ਕੇਸਾਂ ਕਾਰਨ ਹਸਪਤਾਲਾਂ ਵਿਚ ਆਈ ਸੀ ਯੂ ਦੇ ਪ੍ਰਬੰਧ ਘਟਣ ਲੱਗੇ ਹਨ।

ਇਸ ਹਫਤੇ ਦੇ ਅਖੀਰ ਵਿਚ ਫਰਾਂਸ ਵਿੱਚ ਵਿਸ਼ੇਸ਼ ਮੈਡੀਕਲ ਜਹਾਜ਼ਾਂ ਰਾਹੀਂ ਮਰੀਜ਼ਾਂ ਨੂੰ ਘੱਟ ਪ੍ਰਭਾਵਤ ਖੇਤਰਾਂ ਦੇ ਵੱਲ ਭੇਜਿਆ ਜਾਣ ਲੱਗਾ ਸੀ ਅਤੇ ਅੱਜ ਐਤਵਾਰ ਨੂੰ ਨੈਸ਼ਨਲ ਸਿਹਤ ਏਜੰਸੀ ਦੇ ਮੁਖੀ ਜੇਰੋਮ ਸੋਲੋਮੋਨ ਨੇ ਕਿਹਾ ਕਿ ਜੇ ਸਾਨੂੰ ਮੁੜ ਕੇ ਲਾਕਡਾਊਨ ਲਾਉਣਾ ਪਿਆ ਤਾਂ ਉਹ ਵੀ ਕਰਾਂਗੇ, ਕਿਉਂਕਿ ਹਾਲਾਤ ਮੁਸ਼ਕਲ ਹਨ ਅਤੇ ਪੈਰਿਸ ਖੇਤਰ ਵਿਚ ਇਹ ਹੋਰ ਵਿਗੜਦੇ ਜਾਂਦੇ ਹਨ। ਸੋਲੋਮੋਨ ਨੇ ਮੰਨਿਆ ਕੋਰੋਨਾ ਵਾਇਰਸ ਰੋਕਣ ਲਈ ਕੁਝ ਖੇਤਰਾਂ ਵਿਚ ਲੱਗਾ ਕਰਫਿਊ ਕਾਫੀ ਨਹੀਂ, ਕਿਉਂਕਿ ਬ੍ਰਿਟੇਨ ਤੋਂ ਸਾਹਮਣੇ ਆਏ ਨਵੇਂ ਰੂਪਕਾਰਨ ਮੁਸ਼ਕਲ ਵਧ ਗਈ ਹੈ।ਵਰਨਣ ਯੋਗ ਹੈ ਕਿ ਫਰਾਂਸ ਵਿਚ ਅੱਜਤੱਕ ਕੋਰੋਨਾ ਦੇ ਕਾਰਨ90,429ਲੋਕਾਂ ਦੀ ਮੌਤ ਹੋ ਚੁੱਕੀ ਹੈ।

ਏਧਰ ਭਾਰਤ ਵਿੱਚ ਕੇਰਲ, ਮਹਾਰਾਸ਼ਟਰ ਤੇ ਆਂਧਰਾ ਪ੍ਰਦੇਸ਼ ਤੋਂ ਪਿੱਛੋਂ ਪੰਜਾਬ ਵਿਚ ਕੋਰੋਨਾ ਦੇ ਨਵੇਂ ਰੂਪਐੱਨ-440 ਦੇ ਦੋ ਕੇਸਪਤਾ ਲੱਗੇ ਹਨ। ਸਿਹਤ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਹੁਸਨ ਲਾਲ ਨੇ ਇਸ ਬਾਰੇ ਕਿਹਾਕਿ ਦਿੱਲੀਦੇ ਇੰਸਟੀਚਿਊਟ ਫਾਰ ਜੀਨੋਮਿਕਸ ਐਂਡ ਇੰਟੀਗ੍ਰੇਟਿਵ ਬਾਇਓਲਾਜੀ (ਆਈਜੀਆਈਬੀ) ਤੋਂ ਇਸ ਦੀ ਬਾਕ-ਾਇਆ ਰਿਪੋਰਟ ਨਹੀਂ ਮਿਲੀ।ਦੋਵੇਂ ਕੇਸ ਪਟਿਆਲਾ ਲੈਬ ਤੋਂ ਭੇਜੇ ਗਏ ਸੈਂਪਲਾਂ ਤੋਂ ਮਿਲੇ ਹਨ। ਉਨ੍ਹਾਂ ਕਿਹਾ ਕਿ ਵਿਭਾਗ ਨੇ ਪਟਿਆਲੇ ਤੋਂ ਭੇਜੇ ਗਏ ਸਾਰੇ ਸੈਂਪਲਾਂ ਵਾਲੇ ਮਰੀਜ਼ ਅਤੇ ਉਨ੍ਹਾਂ ਦੇ ਸੰਪਰਕ ਟਰੇਸ ਕਰ ਲਏ ਹਨ।

ਇਸ ਦੌਰਾਨ ਪੰਜਾਬ ਵਿਚ ਲਗਾਤਾਰ ਦੂਸਰੇ ਦਿਨ ਕੋਰੋਨਾ ਦੇ 1500 ਤੋਂ ਵੱਧਕੇਸਮਿਲੇ ਤੇ 20 ਲੋਕਾਂ ਦੀ ਮੌਤ ਹੋਈ ਹੈ। ਸਭ ਤੋਂ ਵੱਧਸੱਤ ਮੌਤਾਂ ਜਲੰਧਰ ਵਿਚ ਹੋਈਆਂ ਤੇ ਇਸ ਜ਼ਿਲ੍ਹੇਵਿੱਚ ਸਬ ਡਵੀਜ਼ਨ ਸ਼ਾਹਕੋਟ ਦੇ ਡੀਐੱਸਪੀ ਵਰਿੰਦਰਪਾਲ ਸਿੰਘ ਦੀ ਵੀ ਕੋਰੋਨਾ ਨਾਲਮੌਤ ਹੋ ਗਈ ਹੈ। ਉਨ੍ਹਾਂ ਦਾ ਇਲਾਜ ਲੁਧਿਆਣੇ ਦੇ ਹਸਪਤਾਲ ਤੋਂਚੱਲਦਾ ਸੀ। ਬੀਤੇ ਚੌਵੀ ਘੰਟਿਆਂ ਵਿੱਚ ਜਲੰਧਰ ਵਿਚ ਸੱਤ, ਪਟਿਆਲਾ ਵਿਚ ਚਾਰ, ਸੰਗਰੂਰ ਵਿਚ ਤਿੰਨ, ਹੁਸ਼ਿਆਰਪੁਰ ਅਤੇ ਤਰਨਤਾਰਨ ਵਿਚ ਦੋ-ਦੋ ਅਤੇ ਮੋਹਾਲੀ ਤੇ ਕਪੂਰਥਲਾ ਵਿਚ ਇਕ-ਇਕ ਕੋਰੋਨਾ ਮਰੀਜ਼ ਦੀ ਮੌਤ ਹੋ ਗਈ ਹੈ।

ਓਧਰ ਗਵਾਂਢੀ ਦੇਸ਼ ਪਾਕਿਸਤਾਨ ਵਿੱਚ ਕੋਰੋਨਾ ਦੀ ਤੀਸਰੀ ਲਹਿਰ ਕਾਰਨ ਪੰਜਾਬ ਸੂਬੇ ਦੇ ਸੱਤ ਸ਼ਹਿਰਾਂ ਵਿੱਚਇਸ ਸੋਮਵਾਰ ਤੋਂ ਸਖਤ ਲਾਕਡਾਊਨ ਦਾ ਐਲਾਨ ਹੋ ਗਿਆ ਹੈ। ਇਨ੍ਹਾਂ ਸ਼ਹਿਰਾਂ ਵਿੱਚ ਲਾਹੌਰ, ਰਾਵਲਪਿੰਡੀ, ਸਰਗੋਧਾ, ਫੈਸਲਾਬਾਦ, ਮੁਲਤਾਨ, ਗੁੱਜਰਾਂਵਾਲਾ ਤੇ ਗੁਜਰਾਤ ਸ਼ਾਮਲ ਹਨ। ਇਸ ਲਾਕਡਾਊਨ ਮੌਕੇ ਇਨ੍ਹਾਂ ਸ਼ਹਿਰਾਂ ਵਿੱਚ ਸਮਾਜਿਕ ਅਤੇ ਧਾਰਮਿਕ ਗਤੀਵਿਧੀਆਂ ਉੱਤੇ ਪਾਬੰਦੀ ਰਹੇਗੀ ਅਤੇ ਰੈਸਟੋਰੈਂਟਾ ਦੇ ਅੰਦਰ ਤੇ ਬਾਹਰ ਬੈਠ ਕੇ ਖਾਣ ਉੱਤੇ ਵੀ ਰੋਕ ਰਹੇਗੀ। ਮੈਰਿਜ ਹਾਲ ਬੰਦ ਅਤੇ ਸਾਰੀਆਂ ਖੇਡਾਂ ਤੇ ਸਭਿਆਚਾਰਕ ਗਤੀਵਿਧੀਆਂ ਉੱਤੇ ਰੋਕ ਰਹੇਗੀ।ਪਾਕਿ-ਸਤਾਨ ਦੀ ਰਾਜਧਾਨੀ ਇਸਲਾਮਾਬਾਦ ਵਿੱਚ ਜਨਤਕ ਥਾਵਾਂ ਉੱਤੇ ਮਾਸਕ ਪਾਉਣਾ ਲਾਜ਼ਮੀ ਕੀਤਾ ਗਿਆ ਹੈ ਅਤੇ ਮਾਸਕ ਨਾ ਪਾਉਣ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਇਹ ਨਿਯਮ ਦੋ ਮਹੀਨੇ ਲਾਗੂ ਰਹਿਣਗੇ।


Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Aaxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
- Student Visa / Study Permit
- LMIA / Work permit
- Permanent Residency
- Family Sponsorship
- Nanny
- Visitor Visa
- Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Advice you can bank on. Inc.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
- Custom Kitchen Cabinets
- Legal Basement
- Completly Furnished
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com

## ਅੱਜ ਨਾਮਾ

ਅਸੈਂਬਲੀ ਚੋਣਾਂ ਨੂੰ ਰਹਿੰਦੜਾ ਸਾਲ ਬਾਕੀ,
ਲੀਡਰ ਲੱਗ ਪਏ ਟਿਕਟ ਤੋਂ ਲੜਨ ਬੇਲੀ।
ਹਲਕਾ ਮਰਜ਼ੀ ਦਾ ਕਿਸੇ ਐਲਾਨ ਕਰਿਆ,
ਅਗਲੇ ਕਹਿੰਦੇ ਈ ਦੇਣਾ ਨਾ ਵੜਨ ਬੇਲੀ।
ਫਾਈਲਾਂ ਫੋਲ ਕੇ ਲੱਭ ਕੋਈ ਦੋਸ਼ ਤਕੜਾ,
ਆਪਸ ਵਿੱਚ ਉਹ ਲੱਗੇ ਆ ਜੜਨ ਬੇਲੀ।
ਲੱਭੀ ਊਜ ਨਹੀਂ ਕੋਈ ਜਾਂ ਫਾਈਲ ਵਿੱਚੋਂ,
ਆਪਣੇ ਕੋਲੋਂ ਵੀ ਲੱਗ ਪਏ ਘੜਨ ਬੇਲੀ।
ਜਦੋਂ ਤੀਕਰ ਨੂੰ ਚੋਣਾਂ ਦਾ ਵਕਤ ਆਉਣਾ,
ਖੇਡਾਂ ਇਹੀ ਬੱਸ ਹੁੰਦੀਆਂ ਰਹਿਣੀਆਂ ਈ।
ਊਜਾਂ ਆਪਣੇ ਲਾਉਣ ਪਏ ਟਿਕਟ ਖਾਤਰ,
ਵਿਰੋਧੀ ਪੱਖ ਨੇ ਏਹੋ ਦੁਹਰਾਉਣੀਆਂ ਈ।

ਤੀਸ ਮਾਰ ਖਾਂ

# ਸੁਖਬੀਰ ਸਿੰਘ ਬਾਦਲ ਵੱਲੋਂ ਫਿਰ ਜਲਾਲਾਬਾਦ ਤੋਂ ਵਿਧਾਨ ਸਭਾ ਚੋਣ ਲੜਨ ਦਾ ਐਲਾਨ

### * ਉਪ ਮੁੱਖ ਮੰਤਰੀ ਹੁੰਦਿਆਂ ਸੁਖਬੀਰ ਏਥੇ ਵਿਕਾਸ ਨਹੀਂ ਕਰ ਸਕੇ : ਆਂਵਲਾ

ਜਲਾਲਾਬਾਦ, 14 ਮਾਰਚ, (ਪੋਸਟ ਬਿਊਰੋ)- ਅਗਲੇ ਸਾਲ 2020 ਵਿੱਚ ਹੋ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਅਕਾਲੀ ਦਲ ਨੇ ਪਹਿਲੇ ਉਮੀਦਵਾਰ ਦੇ ਨਾਂ ਦਾ ਐਲਾਨ ਕਰ ਦਿੱਤਾ ਹੈ। ਜਲਾਲਾਬਾਦ ਵਿਧਾਨ ਸਭਾ ਹਲਕੇਤੋਂ ਇਸ ਚੋਣ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਾਂ ਦਾ ਐਲਾਨ ਖੁਦ ਸੁਖਬੀਰ ਸਿੰਘ ਬਾਦਲ ਨੇ ਕੀਤਾ ਹੈ। ਇਹ ਐਲਾਨ ਸੁਖਬੀਰ ਸਿੰਘ ਬਾਦਲ ਨੇ ਜਲਾਲਾ-ਬਾਦ ਵਿਖੇ ਕੀਤੀ ਗਈ 'ਪੰਜਾਬ ਮੰਗਦਾ ਜਵਾਬ' ਰੈਲੀ ਵਿਚ ਕੀਤਾ ਹੈ। ਇਸ ਨਾਲ ਉਨ੍ਹਾਂ ਅਟਕਲਾਂ ਉੱਤੇਰੋਕ ਲੱਗ ਗਈ, ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਸੁਖਬੀਰ ਸਿੰਘ ਬਾਦਲ ਆਪਣਾ ਜਲਾਲਾਬਾਦ ਹਲਕਾ ਛੱਡ ਕੇ ਆਪਣੇ ਪਿਤਾ ਵਾਲੇ ਲੰਬੀ ਹਲਕੇ ਤੋਂ ਚੋਣ ਲੜ ਸਕਦੇ ਹਨ। ਸੁਖਬੀਰ ਸਿੰਘ ਬਾਦਲ ਨੇ ਜਲਾਲਾ-ਬਾਦ ਦੇ ਵਿਕਾਸ ਵੱਲ ਪੰਜਾਬ ਦੀ ਮੌਜੂਦਾ ਸਰਕਾਰ ਤੇ ਮੌਜੂਦਾ ਕਾਂਗਰਸੀ ਵਿਧਾਇਕ ਵੱਲੋਂ ਵਿਖਾਈ ਲਾਪਰਵਾਹੀ ਦੇ ਹਵਾਲੇ ਨਾਲ ਕਿਹਾ ਕਿ ਉਹ ਵਾਪਸ ਆਣ ਕੇ ਇਸ ਹਲਕੇ ਦਾ ਵਿਕਾਸ ਫਿਰ ਪੂਰੇ ਜ਼ੋਰ ਨਾਲ ਕਰਨਗੇ।

ਵਰਨਣ ਯੋਗ ਹੈ ਕਿ ਸੁਖਬੀਰ ਸਿੰਘ ਬਾਦਲ ਇਸ ਸਮੇਂ ਫਿਰੋਜ਼ਪੁਰ ਲੋਕ ਸਭਾ ਹਲਕੇ ਤੋਂ ਪਾਰਲੀਮੈਂਟ ਦੇ ਮੈਂਬਰ ਹਨ ਅਤੇ ਜੇ ਉਹਜਲਾਲਾਬਾਦ ਤੋਂ ਚੋਣ ਜਿੱਤ ਜਾਣ ਤਾਂ ਉਨ੍ਹਾਂ ਨੂੰ ਫਿਰੋਜ਼ਪੁਰ ਦੀ ਪਾਰਲੀਮੈਂਟ ਸੀਟ ਤੋਂ ਅਸਤੀਫ਼ਾ ਦੇਣਾ ਪਵੇਗਾ। ਇਸ ਸਮੇਂ ਜਲਾਲਾਬਾਦ ਤੋਂ ਕਾਂਗਰਸ ਦੇ ਰਮਿੰ-ਦਰ ਆਵਲਾ ਵਿਧਾਇਕ ਹਨ ਅਤੇ ਪਿਛਲੇ ਦਿਨੀਂ ਹੋਈਆਂ ਨਗਰ ਕੌਂਸਲ ਚੋਣਾਂ ਵਿੱਚ ਆਂਵਲਾ ਦੀ ਅਗਵਾਈ ਵਿਚ ਕਾਂਗਰਸ ਨੇ ਜਲਾਲਾਬਾਦ ਵਿਚ ਜ਼ੋਰਦਾਰ ਪ੍ਰਦਰਸ਼ਨ ਕੀਤਾ ਸੀ। ਅੱਜ ਜਦੋਂ ਅਕਾਲੀ ਦਲ ਵੱਲੋਂ ਖੁਦ ਸੁਖਬੀਰ ਸਿੰਘ ਬਾਦਲ ਨੇ ਜਲਾਲਾ-ਬਾਦ ਤੋਂ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ ਤਾਂ ਇਸ ਸੀਟ ਤੋਂ ਚੋਣ ਮੁਕਾਬਲਾ ਫਸਵੀਂ ਟੱਕਰ ਵਾਲਾ ਹੋਣ ਦੀ ਉਮੀਦ ਬੱਝ ਗਈ ਹੈ।

ਦੂਸਰੇ ਪਾਸੇ ਸੁਖਬੀਰ ਸਿੰਘ ਬਾਦਲ ਵੱਲੋਂ ਅੱਜ ਕੀਤੇ ਐਲਾਨਾਂ ਅਤੇ ਹਮਲਿਆਂ ਬਾਰੇ ਜਲਾਲਾਬਾਦ ਤੋਂਕਾਂਗਰਸ ਦੇ ਵਿਧਾਇਕ ਰਮਿੰਦਰ ਆਵਲਾ ਨੇ ਕਿਹਾ ਕਿ ਅਕਾਲੀ ਦਲ ਨੇ ਆਪਣੇ ਰਾਜ ਦੌਰਾਨ ਲੋਕਾਂ ਨਾਲ




ਧੱਕੇਸ਼ਾਹੀ ਕਰਨ ਦੇ ਨਾਲ ਲੋਕਾਂ ਨੂੰ ਸਿਰਫ ਲੁੱਟਿਆ ਤੇ ਕੁੱਟਿਆ ਸੀ। ਉਨ੍ਹਾਂ ਕਿਹਾ ਕਿ ਜਲਾਲਾਬਾਦ ਵਿੱਚ ਰੇਤੇ ਦੀ ਨਾਜਾਇਜ਼ ਮਾਈਨਿੰਗ ਅਕਾਲੀ ਦਲ ਵੇਲੇ ਸ਼ੁਰੂ ਹੋਈ ਸੀ ਅਤੇ ਲੋਕਾਂ ਉੱਤੇ ਅਨੇਕਾਂ ਨਾਜਾਇਜ਼ ਕੇਸਵੀ ਦਰਜ ਕਰਵਾਏ ਗਏ ਸਨ। ਆਂਵਲਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਆਪਣੇ ਰਾਜ ਸਮੇਂ ਵਿਕਾਸ ਕਰਵਾਉਣ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਦਾ ਹੈ, ਪਰਅੱਜਤੱਕਵੀ ਜਲਾਲਾਬਾਦ ਹਲਕੇ ਦੇ ਕਈ ਪਿੰਡਾਂ ਵਿੱਚ ਪੀਣ ਦੇ ਪਾਣੀ ਦੀ ਕਮੀ ਨੂੰ ਲੋਕ ਭੁਗਤ ਰਹੇ ਹਨ ਤੇ ਅਸੀਂ ਲੋਕਾਂ ਦੀ ਮੰਗ ਪੂਰੀ ਕਰਨ ਦੇ ਯਤਨ ਕਰ ਰਹੇ

## ਖਹਿਰਾ ਨੇ ਈ ਡੀ ਵਿਰੁੱਧ ਕੇਸ ਦਰਜ ਕਰਨ ਲਈ ਪੁਲਸ ਨੂੰ ਲਿਖਤੀ ਸ਼ਿਕਾਇਤ ਦਿੱਤੀ



ਕਪੂਰਥਲਾ, 14 ਮਾਰਚ, (ਪੋਸਟ ਬਿਊਰੋ)- ਇਸ ਜ਼ਿਲੇ ਵਿਚਲੇ ਹਲਕਾ ਭੁਲੱਥ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਆਪਣੀਆਂ ਰਿਹਾਇਸ਼ਾਂ ਉੱਤੇ ਛਾਪੇ ਮਾਰਨ ਵਾਲੇ ਈ ਡੀ (ਇਨਫੋਰਸਮੈਂਟ ਡਾਇਰੈਕਟੋਰੇਟ) ਦੇ ਅਫਸਰਾਂ ਦੇ ਖਿਲਾਫਕੇਸ ਦਰਜ ਕਰਨ ਲਈ ਪੰਜਾਬ ਪੁਲਸ ਨੂੰ ਲਿਖਤੀ ਸ਼ਿਕਾਇਤ ਕੀਤੀ ਹੈ।

ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਇਸ ਬਾਰੇ ਕਿਹਾ ਕਿ ਅੱਜ ਮੈਂ ਚੰਡੀਗੜ੍ਹ ਅਤੇ ਕਪੂਰਥਲਾ ਦੇ ਐੱਸ ਐੱਸ ਪੀਜ਼ ਨੂੰ ਲਿਖਤੀ ਸ਼ਿਕਾਇਤ ਭੇਜ ਕੇ ਮੇਰੀਆਂ ਰਿਹਾਇਸ਼ਾਂ ਉੱਤੇ 9 ਮਾਰਚ ਨੂੰ ਛਾਪੇਮਾਰਨ ਲਈ ਆਏਈ ਡੀ ਅਫਸਰਾਂਦੇ ਖਿਲਾਫ ਕੋਵਿਡ-19 ਦੀਆਂ ਹਦਾਇਤਾਂ ਦੀ ਉਲੰਘਣਾ ਕਰਨ ਦਾ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਛਾਪੇ ਦੌਰਾਨ ਈ ਡੀ ਅਫਸਰਾਂ ਨੇ ਆਪਣੇ ਕੋਵਿਡ ਨੈਗੇਟਿਵ ਹੋਣ ਦੇ ਸਰਟੀਫੀਕੇਟ ਨਹੀਂ ਦਿਖਾਏ ਤੇ ਉਹ ਸਭ ਬਿਨਾਂ ਦਸਤਾਨਿਆਂ, ਬਿਨਾਂ ਮਾਸਕਾਂ ਤੋਂ ਸਨ ਤੇ ਸ਼ੋਸ਼ਲ ਡਿਸਟੈਂਸਿੰਗ ਦੀ ਪਾਲਣਾ ਕੀਤੇ ਬਗੈਰ ਇਨ੍ਹਾਂ ਘਰਾਂ ਦੀ ਹਰ ਚੀਜ਼ ਨਾਲ ਛੇੜਛਾੜ ਕੀਤੀ, ਜਿਸ ਦੇ ਬਾਅਦ ਮੇਰਾ ਇਕ ਪੀ ਐੱਸ ਓ (ਸੁਰੱਖਿਆ ਕਰਮਚਾਰੀ) ਕੋਰੋਨਾ ਪਾਜ਼ੇਟਿਵ ਪਾਇਆ ਗਿਆ ਹੈ, ਜਿਹੜਾ ਰੇਡ ਵਾਲੇ ਦਿਨ ਰਾਮਗੜ੍ਹ ਵਿਖੇ ਈ ਡੀ ਦੀ ਸਹਾਇਤਾ ਕਰ ਰਿਹਾ ਸੀ। ਖਹਿਰਾ ਨੇ ਕਿਹਾ ਕਿ ਇਹ ਪੀ ਐੱਸ ਓ ਰੇਡ ਤੋਂ ਬਾਅਦ ਸਾਡੇ ਸੰਪਰਕ ਵਿਚ ਰਿਹਾ ਹੋਣ ਕਾਰਨਈ ਡੀ ਅਫਸਰਾਂ ਨੇ ਮੇਰੇ ਪਰਿਵਾਰ ਅਤੇ ਮੇਰੇ ਸਟਾਫ਼ ਦੀਆਂ ਜ਼ਿੰਦਗੀਆਂ ਨੂੰ ਖ਼ਤਰੇ ਵਿਚ ਪਾਇਆ ਹੈ, ਜਿਸ ਦੇ ਲਈ ਈ ਡੀ ਦੇ ਸਾਰੇ ਅਫਸਰਾਂ ਦੇ ਖਿਲਾਫ ਕੋਵਿਡ-19 ਨਿਯਮਾਂ ਦੀ ਉਲੰਘਣਾ ਕੀਤੇ ਜਾਣ ਦਾ ਕੇਸ ਦਰਜ ਕੀਤਾ ਜਾਣਾ ਚਾਹੀਦਾ ਹੈ।

# ਵ੍ਹੀਲ ਚੇਅਰ ਉੱਤੇ ਬੈਠ ਕੇ ਰੋਡ ਸ਼ੋਅ ਕਰਦੀ ਮਮਤਾ ਨੇ ਕਿਹਾ: 'ਜ਼ਖਮੀ ਸ਼ੇਰ ਵੱਧ ਖ਼ਤਰਨਾਕ ਹੁੰਦੈ'



ਕੋਲਕਾਤਾ, 14 ਮਾਰਚ, (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਨੰਦੀਗ੍ਰਾਮ ਵਿਚ ਚੋਣ ਪ੍ਰਚਾਰ ਕਰਦੇ ਸਮੇਂ ਜ਼ਖਮੀ ਹੋਣ ਦੇ ਕਰੀਬ 4 ਦਿਨਾਂ ਬਾਅਦ ਤ੍ਰਿਣਮੂਲ ਕਾਂਗਰਸ (ਟੀ ਐੱਮ ਸੀ) ਦੀ ਮੁਖੀ ਮਮਤਾ ਬੈਨਰਜੀ ਨੇ ਅੱਜ ਐਤਵਾਰ ਵ੍ਹੀਲ ਚੇਅਰ ਉੱਤੇ ਬੈਠ ਕੇ ਆਪਣੀ ਪਾਰਟੀ ਵੱਲੋਂ ਇਕ ਰੋਡ ਸ਼ੋਅ ਦੀ ਅਗਵਾਈ ਕੀਤੀ ਤੇ ਕਿਹਾ ਕਿ ਜ਼ਖਮੀ ਸ਼ੇਰ ਹੋਰ ਵੀ ਖ਼ਤਰਨਾਕ ਹੁੰਦਾ ਹੈ। ਇਸ ਮੌਕੇ ਮਮਤਾ ਦੇ ਨਾਲ ਟੀ ਐੱਮ ਸੀ ਦੇ ਸੀਨੀਅਰ ਨੇਤਾ ਮੌਜੂਦ ਸਨ।

ਰੋਡ ਸ਼ੋਅ ਦੌਰਾਨ ਮਮਤਾ ਬੈਨਰਜੀ ਹੱਥ ਜੋੜ ਕੇ ਲੋਕਾਂ ਦਾ ਨਮਸਕਾਰ ਪ੍ਰਵਾਨ ਕਰ ਰਹੀ ਸੀ, ਜਦਕਿ ਸੁਰੱਖਿਆ ਕਾਮੇ ਉਨ੍ਹਾਂ ਦੀ ਵ੍ਹੀਲ ਚੇਅਰ ਫੜ ਕੇ ਚੱਲ ਰਹੇ ਸਨ। ਮਮਤਾ 'ਨੰਦੀਗ੍ਰਾਮ ਦਿਵਸ' ਮੌਕੇਮਾਯੋ ਰੋਡ ਤੋਂ ਹਾਜ਼ਰਾ ਮੋੜ ਤੱਕ 5 ਕਿਲੋਮੀਟਰ ਲੰਬੇ ਰੋਡ ਸ਼ੋਅ ਵਿਚ ਸ਼ਾਮਲ ਹੋਈ। ਉਹ ਹਾਈ-ਪ੍ਰੋਫਾਈਲ ਨੰਦੀਗ੍ਰਾਮ ਹਲਕੇ ਤੋਂ ਪਹਿਲੀ ਵਾਰ ਚੋਣ ਲੜ ਰਹੀ ਹੈ, ਜਿੱਥੇ ਉਸ ਦਾ ਮੁਕਾਬਲਾ ਉਸ ਦੇ ਕਈ ਸਾਲਾਂ ਦੇ ਸਾਬਕਾ ਭਰੋਸੇਮੰਦ ਸ਼ੁਭੇਂਦੂ ਅਧਿਕਾਰੀ ਨਾਲ ਹੋਣਾ ਹੈ, ਜਿਹੜਾ ਬਾਅਦ ਵਿੱਚ ਭਾਜਪਾ ਵਿੱਚ ਸ਼ਾਮਲ ਹੋ ਗਿਆ ਸੀ। ਘੰਟੇ ਭਰ ਦੇ ਰੋਡ ਸ਼ੋਅ ਮਗਰੋਂ ਸਭਾ ਨੂੰ ਸੰਬੋਧਨ ਕਰਦਿਆਂ ਮਮਤਾ ਨੇ ਕਿਹਾ ਕਿ 'ਮੈਨੂੰ ਚੋਣ ਪ੍ਰਚਾਰ ਤੋਂ ਰੋਕਣ ਦੀ ਕੋਸ਼ਿਸ਼ ਫੇਲ੍ਹ ਹੋ ਗਈ ਹੈ,ਮੈਂ ਵ੍ਹੀਲ ਚੇਅਰ ਉੱਤੇਸਾਰੇ ਬੰਗਾਲ ਵਿੱਚਟੀ ਐੱਮ ਸੀ ਉਮੀਦਵਾਰਾਂ ਲਈ ਪ੍ਰਚਾਰ ਕਰਾਂਗੀ। ਮੈਂ ਜ਼ਿੰਦਗੀ ਵਿੱਚ ਕਈ ਹਮਲਿਆਂ ਦਾ ਸਾਹਮਣਾ ਕੀਤਾ ਹੈ, ਪਰ ਕਦੇ ਵੀ ਕਿਸੇ ਅੱਗੇ ਆਤਮਸਮੱਰਪਣ ਨਹੀਂ ਕੀਤਾ, ਮੈਂ ਆਪਣਾ ਸਿਰ ਕਦੇ ਨਹੀਂ ਝੁਕਾਵਾਂਗੀ। ਜ਼ਖਮੀ ਸ਼ੇਰ ਹੋਰ ਵੱਧ ਖਤਰਨਾਕ ਹੁੰਦਾ ਹੈ। ਮੇਰਾ ਦਰਦ ਲੋਕਾਂ ਦੇ ਦਰਦ ਤੋਂ ਵੱਧ ਨਹੀਂ, ਤਾਨਾਸ਼ਾਹੀ ਨਾਲ ਲੋਕਤੰਤਰ ਕੁਚਲਿਆ ਜਾ ਰਿਹਾ ਹੈ।'

ਇਸ ਦੌਰਾਨ ਤ੍ਰਿਣਮੂਲ ਕਾਂਗਰਸ ਦੇ ਸਮਰਥਕਾਂ ਨੇ ਭਾਜਪਾ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਤੇ ਵਿਧਾਨ ਸਭਾ ਚੋਣਾਂ ਵਿਚ ਬਾਹਰੀ ਲੋਕਾਂ ਨੂੰ ਹਰਾਉਣ ਦਾ ਸੱਦਾ ਦਿੱਤਾ। ਵਰਨਣ ਯੋਗ ਹੈ ਕਿ ਮਮਤਾ ਬੈਨਰਜੀ ਨੂੰ 10 ਮਾਰਚ ਨੂੰ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਪਿੱਛੋਂ ਚੋਣ ਪ੍ਰਚਾਰ ਦੇ ਦੌਰਾਨ ਨੰਦੀਗ੍ਰਾਮ ਵਿੱਚਸੱਟਾਂ ਲੱਗੀਆਂ ਸਨ। ਤ੍ਰਿਣਮੂਲ ਕਾਂਗਰਸ ਨੇ ਦਾਅਵਾ ਕੀਤਾ ਸੀ ਕਿ ਇਹਭਾਜਪਾ ਵੱਲੋਂ ਮਮਤਾ ਦੀ ਜਾਨ ਲੈਣ ਦੀ ਸਾਜਿਸ਼ ਸੀ। ਚੋਣ ਕਮਿਸ਼ਨ ਨੇ ਇਸ ਤੋਂ ਇਨਕਾਰ ਕੀਤਾ ਹੈ ਕਿ ਮਮਤਾ ਬੈਨਰਜੀ ਉੱਤੇ ਹਮਲਾ ਹੋਇਆ ਸੀ। ਕਮਿਸ਼ਨ ਨੇ ਇਹ ਗੱਲ ਕਮਿਸ਼ਨ ਦੇ ਦੋ ਵਿਸ਼ੇਸ਼ ਚੋਣ ਸੁਪਰਵਾਈਜ਼ਰਾਂ ਤੇ ਪੱਛਮੀ ਬੰਗਾਲ ਸਰਕਾਰ ਵਲੋਂ ਭੇਜੀਆਂ ਰਿਪੋਰਟਾਂ ਦੀ ਘੋਖਕਰਨ ਤੋਂ ਬਾਅਦ ਆਖੀ ਹੈ।

# ਚੋਣ ਕਮਿਸ਼ਨ ਨੇ ਮਮਤਾ ਉੱਤੇ ਹਮਲਾ ਹੋਣਾ ਨਹੀਂ ਮੰਨਿਆ, ਸੁਰੱਖਿਆ ਦੀ ਘਾਟ ਮੰਨੀ

### * ਇੱਕ ਪੁਲਸ ਅਫਸਰ ਹਟਾਇਆ, ਦੋ ਅਫਸਰਾਂ ਉੱਤੇ ਕਾਰਵਾਈ

ਕੋਲਕਾਤਾ, 14 ਮਾਰਚ, (ਪੋਸਟ ਬਿਊਰੋ)- ਭਾਰਤ ਦੇਚੋਣ ਕਮਿਸ਼ਨ ਨੇ ਅੱਜ ਐਤਵਾਰ ਨੂੰ ਕਿਹਾ ਕਿ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਉੱਤੇਪਿਛਲੇ ਦਿਨੀਂ ਨੰਦੀਗ੍ਰਾਮ ਹਲਕੇ ਵਿੱਚ ਕੋਈ ਹਮਲਾ ਨਹੀਂ ਸੀ ਹੋਇਆ। ਬੰਗਾਲ ਦੇ ਚੋਣ ਸੁਪਰਵਾਈਜ਼ਰ ਤੇ ਚੀਫਸੈਕਟਰੀ ਦੀ ਰਿਪੋਰਟ ਦੇ ਆਧਾਰ ਉੱਤੇ ਚੋਣ ਕਮਿਸ਼ਨ ਨੇ ਇਹ ਗੱਲ ਕਹੀ ਹੈ, ਪਰ ਇਸ ਦੇ ਨਾਲ ਚੋਣ ਕਮਿਸ਼ਨ ਨੇ ਮੰਨਿਆ ਕਿ ਸੁਰੱਖਿਆ ਵਿੱਚਕਮੀ ਕਾਰਨ ਮਮਤਾ ਨੂੰ ਸੱਟ ਲਗੀ ਸੀ।

ਚੋਣ ਕਮਿਸ਼ਨ ਨੇ ਮੰਨਿਆ ਕਿ ਮਮਤਾ ਬੈਨਰਜੀ ਸਟਾਰ ਪ੍ਰਚਾਰਕ ਹੋਣ ਦੇ ਬਾਵਜਦ ਬੁਲੇਟ ਪਰੂਫ ਜਾਂ ਬਖ਼ਤਰਬੰਦ ਕਾਰ ਵਿੱਚ ਨਹੀਂ ਸੀ ਤੇ ਇਹ ਉਨ੍ਹਾਂ ਦੀ ਸੁਰੱਖਿਆ ਲਈ ਜ਼ਿਮੇਵਾਰ ਲੋਕਾਂ ਦੀ ਗਲਤੀ ਸੀ। ਮਮਤਾ ਹੇਠਾਂ ਡਿੱਗ ਗਈ ਤੇ ਉਨ੍ਹਾਂ ਦੇ ਖੱਬੇ ਪੈਰ ਤੇ ਕਮਰ ਉੱਤੇਸੱਟ ਲੱਗੀ ਸੀ। ਉਸ ਦਾ ਦੋਸ਼ ਸੀ ਕਿ ਚੋਣ ਹਲਕੇ ਤੋਂ ਨਾਮਜ਼ਦਗੀ ਦਾਖਲ ਕਰਨ ਤੋਂ ਬਾਅਦਜਦੋਂ ਬੁੱਧਵਾਰ ਸ਼ਾਮ ਨੰਦੀਗ੍ਰਾਮ ਚੋਣ ਖੇਤਰ ਵਿੱਚਉਹ ਚੋਣ ਪ੍ਰਚਾਰ ਕਰ ਰਹੀ ਸੀ ਤਾਂ ਉਨ੍ਹਾਂ ਨੂੰ ਅਣਪਛਾਤੇ ਲੋਕਾਂ ਨੇ ਧੱਕਾ ਦਿੱਤਾ ਸੀ। ਇਸ ਬਾਰੇ ਚੋਣ ਕਮਿਸ਼ਨ ਦੇ ਵਿਸ਼ੇਸ਼ ਸੁਪਰਵਾਈਜ਼ਰ ਦੀ ਟੀਮ ਨੇ ਸ਼ਨੀਵਾਰ ਸ਼ਾਮ ਚੋਣ ਕਮਿਸ਼ਨ ਨੂੰ ਆਪਣੀ ਰਿਪੋਰਟ ਵਿੱਚ ਦੱਸਿਆ ਕਿ ਮਮਤਾ ਬੈਨਰਜੀ ਨਾਲ ਹੋਈ ਘਟਨਾ ਇਕ ਹਾਦਸਾ ਸੀ, ਜਿੱਥੇ ਹਮਲੇ ਦਾ ਕੋਈ ਸਬੂਤ ਨਹੀਂ ਮਿਲਦਾ। ਪੱਛਮੀ ਬੰਗਾਲ ਸਰਕਾਰ ਦੇ ਚੀਫਸੈਕਟਰੀ ਨੇ ਵੀ ਚੋਣ ਕਮਿਸ਼ਨ ਨੂੰ ਰਿਪੋਰਟ ਸੌਂਪ ਦਿੱਤੀਸੀ। ਵਿਸ਼ੇਸ਼ ਸੁਪਰਵਾਈਜ਼ਰਾਂ ਵਿਵੇਕ ਦੂਬੇ ਅਤੇ ਅਜੈ ਨਾਇਕ ਨੇ ਰਿਪੋਰਟ ਪੇਸ਼ ਕੀਤੀ ਸੀ ਕਿ ਮੁੱਖ ਮੰਤਰੀ ਮਮਤਾ ਬੈਨਰਜੀ ਨੰਦੀਗ੍ਰਾਮ ਵਿੱਚ ਦੁਰਘਟਨਾ ਕਾਰਨ ਜ਼ਖ਼ਮੀ ਹੋਈ ਹੈ ਅਤੇ ਨਾਲ ਕਿਹਾ ਕਿ ਓਦੋਂਮੁੱਖ ਮੰਤਰੀ ਨਾਲ ਢੁਕਵੀਂਸੁਰੱਖਿਆ ਸੀ ਤੇ ਉਹ ਸੁਰੱਖਿਆ ਚੱਕਰ ਵਿੱਚ ਸੀ।ਮਮਤਾ ਬੈਨਰਜੀ ਦੇ ਜ਼ਖ਼ਮੀ ਹੋਣ ਦੀ ਘਟਨਾ ਨੂੰ ਚੋਣ ਕਮਿਸ਼ਨ ਨੇ ਸਾਜ਼ਿਸ਼ ਨਾ ਮੰਨ ਕੇ ਸੁਰੱਖਿਆਦੀ ਲਾਪਰਵਾਹੀ ਮੰਨ ਕੇਮੁੱਖ ਮੰਤਰੀ ਦੇ ਸਕਿਓਰਟੀ ਡਾਇਰੈਕਟਰ ਵਿਵੇਕ ਸਹਾਏ ਉੱਤੇ ਜ਼ੈੱਡ ਕੈਟੇਗਰੀ ਦੀ ਸੁਰੱਖਿਆਵਾਲੇ ਲੀਡਰ ਦੀ ਸੁਰੱਖਿਆਦੀਕਮੀ ਬਾਰੇ ਇਕ ਹਫ਼ਤੇ ਵਿੱਚ ਕਾਰਵਾਈ ਕਰਨ ਲਈ ਕਿਹਾ ਹੈ।

ਇਸ ਦੇ ਨਾਲ ਬੰਗਾਲ ਦੇ ਚੀਫਸੈਕਟਰੀਅਤੇ ਪੁਲਸ ਮੁਖੀ (ਡੀਜੀਪੀ) ਨੂੰ ਨਵੇਂ ਸਕਿਓਰਟੀ ਡਾਇਰੈਕਟਰ ਦੀ ਨਿਯੁਕਤੀਬਿਨਾਂ ਦੇਰੀ ਤੋਂ ਕਰਨ ਦਾ ਹੁਕਮਦਿੱਤਾ ਹੈ। ਚੋਣ ਕਮਿਸ਼ਨ ਨੇ ਪੂਰਬੀ ਮਿਦਨਾਪੁਰ ਦੇ ਜ਼ਿਲ੍ਹਾ ਅਧਿਕਾਰੀ (ਡੀ ਐੱਮ) ਵਿਭੂ ਗੋਇਲ ਨੂੰ ਅਹੁਦੇ ਤੋਂ ਹਟਾ ਕੇ ਉਨ੍ਹਾਂ ਦੀ ਥਾਂਸਮਿਤਾ ਪਾਂਡੇ ਨੂੰ ਨਿਯੁਕਤ ਕੀਤਾਅਤੇ ਇਸ ਜ਼ਿਲ੍ਹੇ ਦੇ ਐੱਸਪੀ ਪ੍ਰਵੀਨ ਪ੍ਰਕਾਸ਼ ਨੂੰ ਸਸਪੈਂਡ ਕਰ ਕੇ ਉਨ੍ਹਾਂ ਦੀ ਥਾਂਆਈਪੀਐੱਸ ਅਧਿਕਾਰੀ ਸੁਨੀਲ ਕੁਮਾਰ ਯਾਦਵ ਨੂੰ ਨਿਯੁਕਤ ਕੀਤਾ ਹੈ। ਇਸ ਤੋਂ ਇਲਾਵਾ ਡਾਇਰੈਕਟਰ (ਸਕਿਓਰਟੀ) ਨੂੰ ਵੀ ਸਸਪੈਂਡ ਕੀਤਾ ਗਿਆ ਹੈ।

## ਪਾਕਿ ਪਾਰਲੀਮੈਂਟ ਵਿੱਚ ਚੀਨ ਦੇ ਜਾਸੂਸੀ ਕੈਮਰੇ ਮਿਲਣ ਨਾਲ ਸੈਨੇਟ ਵਿੱਚ ਹੰਗਾਮਾ

ਇਸਲਾਮਾਬਾਦ, 14 ਮਾਰਚ, (ਪੋਸਟ ਬਿਊਰੋ)- ਪਾਕਿਸਤਾਨਵਿੱਚਵਿਰੋਧੀ ਧਿਰ ਨੇ ਦਾਅਵਾ ਕੀਤਾ ਹੈ ਕਿ ਪਾਰਲੀਮੈਂਟ ਦੇ ਉਤਲੇ ਹਾਊਸ ਸੈਨੇਟ ਦੇ ਚੇਅਰਮੈਨ ਅਤੇ ਉਪ-ਚੇਅਰਮੈਨ ਦੀ ਚੋਣਮੌਕੇਸੈਨੇਟਰਾਂ ਲਈ ਬਣਾਏ ਪੋਲਿੰਗ ਬੂਥਾਂ ਉੱਤੇਜਾਸੂਸੀ ਕੈਮਰੇ ਲਾਏ ਗਏ ਸਨ। ਇਨ੍ਹਾਂ ਪੋਲਿੰਗ ਬੂਥਾਂ ਉੱਤੇ ਸੈਨੇਟਰਾਂ ਨੇ ਵੋਟ ਪਾਉਣੀਆਂ ਸਨ। ਵਰਨਣ ਯੋਗ ਹੈ ਕਿ ਸੈਨੇਟ ਲਈ ਚੋਣਾਂ ਤਿੰਨ ਮਾਰਚ ਨੂੰ ਹੋਈਆਂ ਤੇ 48 ਚੁਣੇ ਗਏ ਮੈਂਬਰਾਂ ਦੇ ਸਹੁੰ ਚੁੱਕਣ ਪਿੱਛੋਂ ਗੁਪਤ ਵੋਟਿੰਗਰਾਹੀਂ ਚੇਅਰਮੈਨ ਅਤੇ ਉਪ-ਚੇਅਰਮੈਨ ਦੀ ਚੋਣ ਲਈ ਸੈਨੇਟ ਬੈਠਕ ਹੋਣੀ ਸੀ। ਇਸ ਬਾਰੇ ਪਾਕਿਸਤਾਨ ਪੀਪੁਲਜ਼ ਪਾਰਟੀ (ਪੀ ਪੀ ਪੀ) ਦੇ ਸੈਨੇਟਰ ਮੁਸਤਫਾ ਨਵਾਜ਼ ਖੋਖਰ ਨੇ ਕਿਹਾ ਕਿ ਉਨ੍ਹਾਂ ਅਤੇ ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀ ਐੱਮ ਐੱਲ-ਐੱਨ) ਦੇ ਸੈਨੇਟਰ ਮੁਸਾਦਕ ਮਲਿਕ ਨੇ ਪੋਲਿੰਗ ਵਾਲੇਬੂਥਾਂ ਉੱਤੇਜਾਸੂਸੀ ਕੈਮਰੇ ਲੱਗੇ ਵੇਖੇ ਹਨ। ਮਲਿਕ ਨੇ ਟਵੀਟ ਕੀਤਾ:'ਕੀ ਮਜ਼ਾਕ ਹੈ। ਸੈਨੇਟ ਪੋਲਿੰਗ ਬੂਥਾਂ ਉੱਤੇ ਗੁਪਤ ਅਤੇ ਲੁਕਾ ਕੇ ਕੈਮਰੇ ਲਾਏ ਗਏ ਹਨ। ਲੋਕਤੰਤਰ ਲਈ ਇੰਨਾ ਕੁਝ।' ਇਕ ਅਖਬਾਰ ਮੁਤਾਬਕ ਉਨ੍ਹਾਂ ਨੂੰ ਪੋਲਿੰਗ ਬੂਥਾਂ ਦੇ ਅੰਦਰ ਇਕ ਹੋਰ ਲੁਕਾਇਆ ਹੋਇਆ ਜੰਤਰ ਵੀ ਮਿਲਿਆ ਹੈ। ਵਿਰੋਧੀ ਧਿਰ ਨੇ ਮੰਗ ਕੀਤੀ ਹੈ ਕਿ ਇਹ ਜਾਂਚ ਕੀਤੀ ਜਾਵੇ ਕਿ ਸੈਨੇਟ ਉੱਤੇ ਕਿਸ ਦਾ ਕੰਟਰੋਲ ਹੈ। ਇਸ ਬਾਰੇ ਖਬਰਵਿੱਚ ਕਿਹਾ ਗਿਆ ਹੈ ਕਿ ਤਿੱਖਾ ਵਿਰੋਧ ਹੋਣ ਪਿੱਛੋਂਸੈਨੇਟ ਦੇ ਪ੍ਰੀਜ਼ਾਈਡਿੰਗ ਅਧਿਕਾਰੀ ਨੇ ਪੋਲਿੰਗ ਬੂਥ ਬਦਲਣ ਦੇ ਹੁਕਮ ਦੇ ਦਿੱਤੇ ਸਨ।

# ਸ੍ਰੀਲੰਕਾ ਵਿੱਚ ਵੀ ਬੁਰਕੇ ਉੱਤੇ ਪਾਬੰਦੀ ਲਾਉਣ ਦਾ ਫੈਸਲਾ

### * ਇਕ ਹਜ਼ਾਰ ਤੋਂ ਵੱਧ ਇਸਲਾਮਿਕ ਸਕੂਲ ਬੰਦ ਕੀਤੇ ਜਾਣਗੇ

ਕੋਲੰਬੋ, 14 ਮਾਰਚ, (ਪੋਸਟ ਬਿਊਰੋ)- ਬੁਰਕੇ ਉੱਤੇ ਪਾਬੰਦੀ ਲਾਉਣ ਵਾਲੇ ਦੇਸ਼ਾਂ ਵਿੱਚ ਸ੍ਰੀਲੰਕਾ ਵੀ ਸ਼ਾਮਲ ਹੋ ਗਿਆ ਹੈ। ਓਥੋਂ ਦੀ ਸਰਕਾਰ ਨੇ ਕੱਟੜਪੰਥੀਆਂ ਉੱਤੇ ਰੋਕ ਲਾਉਣ ਲਈ ਬੁਰਕੇ ਉੱਤੇ ਰੋਕ ਦਾ ਫੈਸਲਾ ਪ੍ਰਵਾਨ ਕਰ ਲਿਆ ਅਤੇ ਕਿਹਾ ਹੈ ਕਿ ਇਕ ਹਜ਼ਾਰ ਤੋਂ ਵੱਧ ਮਦਰੱਸਿਆਂ ਨੂੰ ਵੀ ਬੰਦ ਕਰ ਦਿੱਤਾ ਜਾਵੇਗਾ।

ਸ੍ਰੀਲੰਕਾ ਦੇ ਜਨਤਕ ਸੁਰੱਖਿਆਬਾਰੇ ਮੰਤਰੀ ਸਰਥ ਵੀਰਾਸ਼ੇਖਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸੁਰੱਖਿਆਪੱਖ ਤੋਂ ਬੁਰਕੇ ਉੱਤੇ ਪਾਬੰਦੀ ਲਾਈ ਗਈ ਅਤੇ ਕੈਬਨਿਟ ਦੀ ਸ਼ੁੱਕਰਵਾਰ ਦੀ ਬੈਠਕ ਨੇ ਇਸ ਨੂੰ ਮਨਜ਼ੂਰੀ ਦੇ ਗਈ ਹੈ। ਉਨ੍ਹਾਂ ਕਿਹਾ ਕਿ ਇਸ ਦੇਸ਼ ਵਿੱਚ ਪਹਿਲਾਂ ਔਰਤਾਂ ਬੁਰਕਾ ਨਹੀਂ ਪਾਉਂਦੀਆਂ ਸਨ, ਇਹ ਧਾਰਮਿਕ ਕੱਟੜਪੰਥੀ ਸੋਚ ਦਾ ਪ੍ਰਤੀਕ ਕੁਝ ਸਮੇਂ ਤੋਂ ਸ਼ੁਰੂ ਹੋਇਆ ਹੈ, ਜਿਸ ਉੱਤੇ ਅਸੀ ਇਸਰੋਕ ਲਾਉਣ ਲੱਗੇ ਹਾਂ। ਵੀਰਾਸ਼ੇਖਰ ਨੇ ਕਿਹਾ ਕਿ ਸਰਕਾਰ ਇਕ ਹਜ਼ਾਰ ਤੋਂ ਵੱਧ ਮਦਰੱਸਿਆਂ ਉੱਤੇ ਰੋਕ ਲਾਵੇਗੀ, ਜਿੱਥੇਕੌਮੀ ਸਿੱਖਿਆ ਨੀਤੀ ਦੀ ਉਲੰਘਣਾ ਹੋ ਰਹੀ ਹੈ।

ਵਰਨਣ ਯੋਗ ਹੈ ਕਿ ਬੁੱਧ ਧਰਮ ਨੂੰ ਮੰਨਣ ਵਾਲੇ ਸ੍ਰੀਲੰਕਾ ਦੇਸ਼ ਵਿੱਚਅਪ੍ਰੈਲ 2019 ਵਿੱਚ ਚਰਚ ਅਤੇ ਹੋਟਲਾਂ ਨੂੰ ਨਿਸ਼ਾਨਾ ਬਣਾ ਕੇ ਅੱਤਵਾਦੀ ਹਮਲੇ ਹੋਏ ਅਤੇ 250 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਸੀ। ਇਸ ਪਿੱਛੋਂ ਅਸਥਾਈ ਤੌਰ ਉੱਤੇ ਸ੍ਰੀਲੰਕਾ ਵਿੱਚ ਬੁਰਕੇ ਉੱਤੇ ਪਾਬੰਦੀ ਲਾਈ ਗਈ ਸੀ। ਫਿਰ ਨਵੰਬਰ 2019 ਦੀਆਂ ਚੋਣਾਂ ਦੌਰਾਨ ਜਦੋਂ ਗੋਟਾਬਾਯਾ ਰਾਜਪਕਸ਼ੇ ਰਾਸ਼ਟਰਪਤੀ ਬਣੇ ਤਾਂ ਉਨ੍ਹਾਂ ਨੇ ਚੋਣਾਂ ਦੌਰਾਨ ਕੱਟੜਪੰਥੀਆਂ ਉੱਤੇ ਕਾਰਵਾਈ ਦਾ ਵਾਅਦਾ ਕੀਤਾ ਸੀ।

ਇਸ ਦੌਰਾਨ ਸ੍ਰੀਲੰਕਾ ਵਿੱਚ ਕੱਟੜਪੰਥੀ ਭਾਵਨਾਵਾਂ ਭੜਕਾਉਣ ਦੇ ਦੋਸ਼ ਵਿੱਚ ਜਮਾਤ-ਏ-ਇਸਲਾਮੀ ਦੇ ਸਾਬਕਾ ਮੁਖੀ ਰਸ਼ੀਦ ਹੱਜੁਲ ਅਕਬਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਹ ਸਤੰਬਰ 2019 ਤਕ ਇਸ ਟੋਲੇ ਦਾ ਮੁਖੀ ਸੀ। ਪੁਲਿਸ ਬੁਲਾਰੇ ਨੇ ਦੱਸਿਆ ਕਿ ਰਸ਼ੀਦ ਨੂੰ ਸ਼ੁੱਕਰਵਾਰ ਨੂੰ ਗ੍ਰਿਫ਼ਤਾਰ ਕੀਤਾ ਸੀ। ਉਹ ਕੱਟੜਪੰਥੀ ਭਾਵਨਾਵਾਂ ਭੜਕਾਉਣ ਵਾਲੇ ਲੇਖਾਂ ਵਾਲੀ ਇੱਕ ਮੈਗਜ਼ੀਨ ਦੇ ਛਾਪਣ ਅਤੇ ਵੰਡਣ ਦਾ ਕੰਮ ਕਰਵਾ ਰਿਹਾ ਸੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY

MANJEET KAUR
LL.B., (London UK)
Barrister, Solicitor & Notary Public
REAL ESTATE LAWYER
● Residential & Commercial
● Sale/Purchase of House
● Mortgage & Refinancing
● Drafting/Reviewing Agreements
● Title Transfer
● 2nd Mortgage
IMMIGRATION
Skilled Worker Category
Spousal & Family Sponsorship
● Student Permits Visa & Renewals
● PR Renewal/ Citizenship Application
FAMILY LAWYER
● Child & Spousal support
● Custody & Access
● Divorce
● Equalization
BUSINESS LAW
● Incorporation & Shareholder agreements
● Sales & Purchase of Assets & Shares
● Notarization & Affidavits
WILLS & ESTATE
● Wills
● Certificate of Estate Trustee with/without Will
● Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca

# ਮੇਘਾਲਿਆ ਦਾ ਗਵਰਨਰ ਕਿਸਾਨਾਂ ਦੇ ਹੱਕ ਵਿੱਚ ਖੁੱਲ੍ਹ ਕੇ ਬੋਲਿਆ

*** ਕਿਸਾਨ ਮੋਰਚੇ ਨੇ ਜੱਥੇਬੰਦੀਆਂ ਨੂੰ ਪੱਕੇ ਮਕਾਨ ਬਣਾਉਣ ਤੋਂ ਰੋਕਿਆ * ਧਰਨੇ ਵਾਲੀ ਥਾਂ ਤੋਂ ਪ੍ਰਸ਼ਾਸਨ ਪੱਕੀਆਂ ਉਸਾਰੀਆਂ ਢਾਹੁਣ ਨੂੰ ਤਿਆਰ**

ਬਾਗਪਤ (ਉੱਤਰ ਪ੍ਰਦੇਸ਼), 14 ਮਾਰਚ, (ਪੋਸਟ ਬਿਊਰੋ)- ਮੇਘਾਲਿਆ ਦੇ ਗਵਰਨਰ ਸੱਤਿਆਪਾਲ ਮਲਿਕ ਨੇ ਐਤਵਾਰ ਨੂੰ ਕਿਸਾਨਾਂ ਤੇ ਜਵਾਨਾਂ ਦੇ ਸੰਬੰਧ ਵਿਚ ਕਿਹਾ ਕਿ ਦੇਸ਼ ਦਾ ਕਿਸਾਨ ਅਤੇ ਜਵਾਨ ਖੁਸ਼ਹਾਲ ਤੇ ਸੰਤੁਸ਼ਟ ਹੋਣਾ ਚਾਹੀਦਾ ਹੈ, ਦੇਸ਼ ਫਿਰ ਹੀ ਤਰੱਕੀ ਕਰ ਸਕੇਗਾ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਖੇਤੀ ਕਾਨੂੰਨਾਂ ਦਾ ਵਿਰੋਧ ਕਰਦੇ ਕਿਸਾਨਾਂ ਦੀਆਂ ਮੰਗਾਂ ਉੱਤੇ ਹਮਦਰਦੀ ਨਾਲ ਵਿਚਾਰ ਕਰੇ ਤੇ ਉਨ੍ਹਾਂ ਨੂੰ ਦਿੱਲੀ ਤੋਂ ਖ਼ਾਲੀ ਹੱਥ ਨਾ ਭੇਜੇ।



ਅੱਜ ਅਮੀਨਗਰ ਸਰਾਏ ਵਿੱਚ ਸ਼ੀਲਚੰਦਰ ਇੰਟਰ ਕਾਲਜ ਵਿੱਚ ਕਰਵਾਏ ਗਏ ਉਨ੍ਹਾਂ ਦੇ ਸਨਮਾਨ ਸਮਾਗਮ ਵਿੱਚ ਸੱਤਿਆਪਾਲ ਮਲਿਕ ਨੇ ਕਿਹਾ ਕਿ ਨਵੇਂ ਖੇਤੀ ਕਾਨੂੰਨਾਂ ਵਿਚ ਤਰਕਾਂ ਨਾਲ ਸੋਧ ਤੇ ਉਸ ਦੇ ਵੱਖ-ਵੱਖ ਪੱਖਾਂ ਉੱਤੇ ਵਿਚਾਰ ਕਰਨ ਲਈ ਕੇਂਦਰ ਸਰਕਾਰ ਗੱਲਬਾਤ ਕਰਨ ਲਈ ਤਿਆਰ ਹੈ, ਇਸ ਲਈ ਕਿਸਾਨ ਲੀਡਰਾਂ ਨੂੰ ਚਾਹੀਦਾ ਹੈ ਕਿ ਉਹ ਵੀ ਵਿਚਾਰ ਕਰਨ ਅਤੇ ਸਰਕਾਰ ਨਾਲ ਗੱਲਬਾਤ ਲਈ ਅੱਗੇ ਆਉਣ। ਉਨ੍ਹਾਂ ਨੇ ਕਿਹਾ ਕਿ ਕਿਸਾਨਾਂ ਦੀ ਘੱਟੋ-ਘੱਟ ਸਮਰਥਨ ਮੁੱਲ ਬਾਰੇ ਮੰਗਉੱਤੇ ਕੇਂਦਰ ਸਰਕਾਰ ਖੁੱਲ੍ਹਦਿਲੀ ਨਾਲ ਵਿਚਾਰ ਕਰੇ ਤੇ ਇਸ ਵਿਚਾਰ ਅਤੇ ਗੱਲਬਾਤ ਦਾ ਮਕਸਦ ਇਹ ਹੋਣਾ ਚਾਹੀਦਾ ਹੈ ਕਿ ਇਸ ਸਮੱਸਿਆ ਦਾ ਹੱਲ ਨਿਕਲਣਾ ਚਾਹੀਦਾ ਹੈ।

ਗਵਰਨਰ ਸੱਤਿਆਪਾਲ ਮਲਿਕ ਨੇ ਕਿਹਾ: ‘ਮੈਂ ਸਰਦਾਰਾਂ ਨੂੰ ਜਾਣਦਾ ਹਾਂ, ਇਹ ਤਿੰਨ ਸੌ ਸਾਲਾਂ ਤੱਕ ਕੁਝ ਨਹੀਂ ਭੁੱਲਦੇ ਅਤੇ ਇਹ ਵੀ ਕਿ ਜਿਸ ਦੇਸ਼ ਦਾ ਜਵਾਨ ਅਤੇ ਕਿਸਾਨ ਜਸਟੀਫਾਈ ਨਹੀਂ ਹੁੰਦਾ, ਉਸ ਦੇਸ਼ ਨੂੰ ਕੋਈ ਨਹੀਂ ਬਚਾ ਸਕਦਾ।’ ਉਨ੍ਹਾਂ ਕਿਹਾ ਕਿ 27 ਜਨਵਰੀ ਨੂੰ ‘ਜਦੋਂ ਮੈਂ ਰਾਕੇਸ਼ ਟਿਕੈਤ ਦੀ ਗ੍ਰਿਫਤਾਰੀ ਦੀ ਗੱਲ ਸੁਣੀ ਤਾਂ ਮੈਂ ਫੋਨ ਕਰ ਕੇ ਉਸ ਦੀ ਗ੍ਰਿਫਤਾਰੀ ਰੁਕਵਾਈ ਸੀ।’ ਉਨ੍ਹਾਂ ਕਿਹਾ ਕਿ ਮੈਨੂੰ ਕਿਸਾਨਾਂ ਦੀ ਮਦਦ ਲਈ ਜਿੱਥੋਂ ਤੱਕ ਜਾਣਾ ਪਿਆ, ਓਥੋਂ ਤੱਕ ਹੀ ਜਾਵਾਂਗਾ, ਕਿਉਂਕਿ ਮੈਨੂੰ ਕਿਸਾਨਾਂ ਦੀ ਤਕਲੀਫ ਦਾ ਪਤਾ ਹੈ।

ਇਸ ਦੌਰਾਨ ਦਿੱਲੀ ਦੇ ਬਾਰਡਰਾਂ ਉੱਤੇ ਕੁਝ ਦਿਨਾਂ ਤੋਂ ਬਣ ਰਹੇ ਪੱਕੇ ਮਕਾਨਾਂਬਾਰੇ ਸੰਯੁਕਤ ਕਿਸਾਨ ਮੋਰਚੇ ਨੇ ਕਿਹਾ ਹੈ ਕਿਕਿਸਾਨ ਅੰਦੋਲਨਕਾਰੀ ਉਥੇ ਪੱਕੇ ਮਕਾਨ ਨਾ ਬਣਾਉਣ।ਵਰਨਣ ਯੋਗ ਹੈ ਕਿ ਨੈਸ਼ਨਲ ਹਾਈਵੇ ਉੱਤੇਬਣਾਏ ਮੁੱਖ ਮੰਚ ਤੋਂ ਥੋੜ੍ਹਾ ਅੱਗੇ ਪਾਨੀਪਤ-ਦਿੱਲੀਰੋਡ ਉੱਤੇ ਅੰਦੋਲਨਕਾਰੀਆਂ ਨੇ ਇੱਟਾਂ ਤੇ ਸੀਮੈਂਟ ਨਾਲ ਕਮਰੇ ਬਣਾਉਣ ਦਾ ਦਾ ਕੰਮਸ਼ੁਰੂ ਕਰ ਦਿੱਤਾ ਹੈ, ਜਿੱਥੇ 18-18 ਫੁੱਟ ਦੇ ਕਮਰੇ ਬਣਾਏ ਜਾ ਰਹੇ ਹਨ।

ਦੂਸਰੇ ਪਾਸੇ ਪ੍ਰਸ਼ਾਸਨ ਨੇ ਸੰਕੇਤ ਦਿੱਤਾ ਹੈ ਕਿ ਧਰਨੇ ਵਾਲੀ ਥਾਂਬਣੇ ਮਕਾਨ ਢਾਹੇ ਜਾਣਗੇ।ਪੁਲਿਸ ਤੇ ਪ੍ਰਸ਼ਾਸਨ ਨੇ ਇਸ ਦੀ ਤਿਆਰੀ ਕਰ ਲਈ ਹੈ ਤੇ ਸਿਰਫ਼ ਅੰਦੋਲਨ ਦੇ ਨੇਤਾਵਾਂ ਦੇ ਫੈਸਲੇ ਦੀ ਉਡੀਕ ਕੀਤੀ ਜਾ ਰਹੀ ਹੈ, ਜਿਨ੍ਹਾਂ ਨੂੰ ਇਹ ਗ਼ੈਰ ਕਾਨੂੰਨੀ ਉਸਾਰੀ ਖੁਦ ਢਾਹੁਣ ਨੂੰ ਕਿਹਾ ਜਾਵੇਗਾ ਤੇ ਜੇਉਹ ਨਾ ਮੰਨੇ ਤਾਂ ਪ੍ਰਸ਼ਾਸਨ ਸਖ਼ਤੀ ਨਾਲ ਢਾਹ ਦੇਵੇਗਾ

# ਹਰਿਆਣਾ ਵਿਧਾਨ ਸਭਾ ਵੱਲੋਂ ਮਜੀਠੀਆ ਸਣੇ 9 ਅਕਾਲੀ ਵਿਧਾਇਕਾਂ ਵਿਰੁੱਧ ਕੇਸ ਦਰਜ

ਚੰਡੀਗੜ੍ਹ, 14 ਮਾਰਚ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਕਿਸਾਨਾਂ ਦੀ ਹਮਾਇਤਲਈ ਪਿਛਲੇ ਹਫ਼ਤੇ ਹਰਿਆਣਾ ਵਿਧਾਨ ਸਭਾ ਮੂਹਰੇਮੁੱਖ ਮੰਤਰੀ ਮਨੋਹਰ ਲਾਲ ਖੱਟਰ ਦਾ ਘਿਰਾਓ ਕਰਨ ਵਾਲੇ ਅਕਾਲੀ ਦਲ ਦੇ 9 ਵਿਧਾਇਕਾਂ ਬਿਕਰਮ ਸਿੰਘ ਮਜੀਠੀਆ, ਸ਼ਰਨਜੀਤ ਸਿੰਘ ਢਿੱਲੋਂ, ਹਰਵਿੰਦਰਪਾਲ ਸਿੰਘ ਚੰਦੂਮਾਜਰਾ, ਕੰਵਲਜੀਤ ਸਿੰਘ ਰੋਜ਼ੀ ਬਰਕੰਦੀ, ਮਨਪ੍ਰੀਤ ਸਿੰਘ ਇਆਲੀ, ਗੁਰਪ੍ਰਤਾਪ ਸਿੰਘ ਵਡਾਲਾ, ਐੱਨ ਕੇ ਸ਼ਰਮਾ,ਬਲਦੇਵ ਸਿੰਘ ਖਹਿਰਾ, ਸੁਖਜਿੰਦਰ ਕੁਮਾਰ ਦੇ ਵਿਰੁੱਧ ਕੇਸ ਦਰਜ ਕਰਵਾਉਣ ਲਈ ਵਿਧਾਨ ਸਭਾ ਦੇ ਮਾਰਸ਼ਲ ਸੈਕਟਰੀ ਨੇ ਚੰਡੀਗੜ੍ਹ ਪੁਲਸ ਦੇ ਥਾਣਾ 3 ਸੈਕਟਰਵਿਚਇਕ ਦਰਖਾਸਤ ਦਿੱਤੀਹੈ, ਜਿਸ ਉੱਤੇ ਕਾਰਵਾਈ ਸ਼ੁਰੂ ਹੋ ਗਈ ਹੈ।

ਇਸ ਤੋਂ ਪਹਿਲਾਂ ਅੱਜ ਉੱਚ ਪੱਧਰੀ ਮੀਟਿੰਗ ਨੇ ਫੈਸਲਾ ਲਿਆ ਸੀ ਕਿ ਵਿਧਾਨ ਸਭਾ ਕੰਪਲੈਕਸਵਿੱਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਦਾ ਘਿਰਾਓ ਕਰਨ ਤੇ ਦੁਰ-ਵਿਹਾਰ ਕਰਨ ਵਾਲੇ ਪੰਜਾਬ ਦੇ ਅਕਾਲੀ ਵਿਧਾਇਕਾਂ ਖਿਲਾਫ ਹਰਿਆਣਾ ਵਿਧਾਨ ਸਭਾ ਸੈਕਟਰੀਏਟ ਇੱਕ ਕੇਸ ਦਰਜ ਕਰਾਏਗਾ। ਇਸ ਦੀ ਜਾਂਚ ਲਈ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਗਿਆਨ ਚੰਦ ਗੁਪਤਾ ਨੇ ਸ਼ੁੱਕਰਵਾਰ ਨੂੰ ਹਰਿਆਣਾ ਦੇ ਗ੍ਰਹਿ ਵਿਭਾਗ ਦੇ ਐਡੀਸ਼ਨਲ ਚੀਫ ਸੈਕਟਰੀ ਰਾਜੀਵ ਅਰੋੜਾ, ਜਨਰਲ ਸੈਕਟਰੀ ਅਰੁਣ ਗੁਪਤਾ, ਹਰਿਆਣਾ ਪੁਲਸ ਦੇ ਮੁਖੀ ਮਨੋਜ ਯਾਦਵ ਸਮੇਤ ਸੀਨੀਅਰ ਅਧਿਕਾਰੀਆਂ ਦੇ ਨਾਲ ਬੈਠਕ ਕਰਕੇ ਉੱਚ ਪੱਧਰੀ ਜਾਂਚ ਨਿਰਦੇਸ਼ ਦੇ ਦਿੱਤੇ ਸਨ। ਇਹ ਜਾਂਚ ਦੋਵਾਂ ਰਾਜਾਂਪੰਜਾਬ ਤੇ ਹਰਿਆਣਾ ਦੇ ਪੁਲਸਅਫਸਰਾਂ ਅਤੇ ਚੰਡੀਗੜ੍ਹ ਦੇ ਅਧਿਕਾਰੀਆਂ ਦੀ ਸਾਂਝੀ ਕਮੇਟੀ ਕਰ ਰਹੀ ਹੈ। ਇਸ ਬਾਰੇ ਸ਼ੁੱਕਰਵਾਰ ਦੀ ਬੈਠਕ ਨੂੰਕਿਹਾ ਗਿਆ ਸੀ ਕਿ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨਾਲ ਦੁਰ-ਵਿਹਾਰ ਪੰਜਾਬ ਦੇ ਵਿਧਾਇਕਾਂ ਦੀ ਪਹਿਲਾਂ ਤੋਂ ਘੜੀ ਸਾਜਿਸ਼ ਦਾ ਹਿੱਸਾ ਸੀ, ਜਿਸ ਲਈ ਉਹ ਕਰੀਬ 3 ਘੰਟੇ ਵਿਧਾਨ ਸਭਾ ਕੰਪਲੈਕਸਵਿੱਚ ਰੁਕ ਕੇ ਹਰਿਆਣਾ ਦੇ ਮੁੱਖ ਮੰਤਰੀ ਦੇ ਬਾਹਰ ਆਉਣ ਨੂੰ ਉਡੀਕਦੇ ਰਹੇ ਸਨ।ਇਹ ਵੀ ਪਤਾ ਲੱਗਾ ਕਿ ਅਕਾਲੀ ਵਿਧਾਇਕਾਂ ਵੱਲੋਂ ਵਿਰੋਧ ਕਰਨ ਦੀ ਭਣਕ ਹਰਿਆਣਾ ਵਿਧਾਨ ਸਭਾ ਦੇ ਸੁਰੱਖਿਆਸਟਾਫ ਨੂੰ ਮਿਲ ਗਈ ਤੇਉਨ੍ਹਾਂ ਨੇ ਸਾਵਧਾਨੀ ਵਜੋਂ ਸਦਨ ਵਜੋਂ ਰੈਂਪ ਵੱਲਸੁਰੱਖਿਆ ਵਧਾ ਦਿੱਤੀ ਸੀ। ਇਸੇ ਦੌਰਾਨ ਅਕਾਲੀ ਵਿਧਾਇਕ ਗੱਡੀਆਂਵਿੱਚ ਜਾ ਕੇ ਬੈਠ ਗਏ ਅਤੇ ਯੋਜਨਾ ਮੁਤਾਬਕ ਓਦੋਂਗੱਡੀਆਂਵਿੱਚੋਂ ਨਿਕਲੇ, ਜਦੋਂ ਸ਼ਾਮ 6 ਵਜੇ ਮੁੱਖ ਮੰਤਰੀ ਮਨੋਹਰ ਲਾਲ ਗੇਟ ਉੱਤੇ ਮੀਡੀਆ ਨਾਲ ਗੱਲ ਕਰ ਰਹੇ ਸਨ। ਵਿਧਾਨ ਸਭਾ ਦੇ ਸਪੀਕਰ ਗਿਆਨ ਚੰਦ ਗੁਪਤਾ ਨੇ ਬੈਠਕਵਿੱਚ ਮੌਜੂਦ ਸੀ ਆਈ ਡੀ ਅਫਸਰਾਂ ਨੂੰ ਫਿਟਕਾਰ ਲਈ ਕਿ ਉਹ ਇਸ ਦੀ ਸੰਵੇਦਨਸ਼ੀਲਤਾ ਨਹੀਂ ਸਮਝ ਪਾਏ, ਉਨ੍ਹਾਂ ਨੂੰ ਵੇਲੇ ਸਿਰ ਇਸ ਦੀ ਸੂਚਨਾ ਦੇਣੀ ਚਾਹੀਦੀ ਸੀ ਤਾਂ ਕਿਮੁੱਖ ਮੰਤਰੀ ਦੀ ਪ੍ਰੈੱਸ ਕਾਨਫਰੰਸ ਦੇ ਯੋਗ ਪ੍ਰਬੰਧ ਹੋ ਸਕਦੇ। ਪੁਲਸ ਅਫਸਰਾਂ ਨੇ ਸਪੀਕਰ ਨੂੰ ਦੱਸਿਆ ਕਿ ਵਿਧਾਨ ਸਭਾ ਭਵਨਦੇ 7 ਰਸਤੇ ਪੰਜਾਬ ਅਤੇ ਹਰਿਆਣਾ ਦੇ ਖੇਤਰਾਂ ਨੂੰ ਜੋੜਦੇ ਹਨ ਅਤੇ ਦੋਵਾਂ ਧਿਰਾਂ ਦੇ ਵਿਧਾਇਕਾਂ ਨੂੰ ਇਕ-ਦੂਸਰੇ ਵੱਲ ਜਾਣ ਤੋਂ ਰੋਕਣਾ ਮੁਸ਼ਕਲ ਹੈ। ਸਪੀਕਰ ਗਿਆਨ ਚੰਦ ਗੁਪਤਾ ਨੇ ਭਵਿੱਖਲਈ ਸਖ਼ਤ ਹੁਕਮ ਦਿੱਤੇ ਹਨ।

ਵਰਨਣ ਯੋਗ ਹੈ ਕਿ 10 ਮਾਰਚ ਨੂੰ ਵਿਧਾਨ ਸਭਾ ਕੰਪਲੈਕਸਵਿੱਚਪੰਜਾਬ ਦੇ ਅਕਾਲੀ ਵਿਧਾਇਕਾਂ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਦਾ ਘਿਰਾਓ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਉੱਤੇ ਵਿਧਾਨ ਸਭਾ ਦੇ ਸਪੀਕਰ ਗਿਆਨ ਚੰਦ ਗੁਪਤਾ ਨੇ ਸਖ਼ਤ ਇਤਰਾਜ਼ ਕਰਦੇ ਹੋਏ ਪੰਜਾਬ ਦੇ ਵਿਧਾਨ ਸਭਾ ਸਪੀਕਰ ਰਾਣਾ ਕੇ ਪੀ ਸਿੰਘ ਨਾਲ ਗੱਲ ਕੀਤੀ ਤੇ ਚਿੱਠੀ ਲਿਖ ਕੇ ਇਸ ਘਟਨਾ ਦਾ ਨੋਟਿਸ ਲੈਣ ਨੂੰ ਕਿਹਾ ਸੀ। ਰਾਣਾ ਕੇ ਪੀ ਸਿੰਘ ਨੇ ਇਸ ਬਾਰੇ ਅਫ਼ਸੋਸ ਜ਼ਾਹਰ ਕਰਦੇ ਹੋਏ ਭਵਿੱਖਵਿੱਚ ਏਦਾਂ ਦੀਆਂ ਘਟਨਾਵਾਂ ਰੋਕਣ ਲਈ ਸਖ਼ਤ ਕਦਮ ਚੁੱਕਣ ਦਾ ਭਰੋਸਾ ਦਿੱਤਾ ਸੀ।


Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

Your Travel Safety
Our Priority

JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
- AZ Tractor trailer program
- Manual transmission & backup training everyday
- We welcome welfare workers & compensation clients

Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com



ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

➡ Forklift Training
Forklift $79 Recertification
Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਖ਼ਪਤਕਾਰ ਸੁਰੱਖਿਆ ਮਾਮਲਾ

## 15 ਮਾਰਚ ਖ਼ਪਤਕਾਰ ਸੁਰੱਖਿਆ ਦਿਵਸ ਲਈ ਵਿਸ਼ੇਸ

* ਮਾਨਯੋਗ ਸੁਪਰੀਮ ਕੋਰਟ ਪੁੱਜਾ ਖ਼ਪਤਕਾਰਾਂ ਦੀ ਸੁਰੱਖਿਆ ਦਾ ਮਾਮਲਾ
*ਰਾਜ ਸਰਕਾਰਾਂ ਦੀ ਅਣਦੇਖੀ ਪ੍ਰਧਾਨਾਂ/ਮੈਂਬਰਾਂ ਦੀਆਂ ਅਸਾਮੀਆਂ ਖਾਲੀ
*ਰਾਜ/ਜ਼ਿਲ੍ਹਾ ਉਪਭੋਗਤਾ ਕਮਿਸ਼ਨਾਂ ਵਿਚ ਅਮਲੇ ਤੇ ਸਾਜੋ ਸਮਾਨ ਦੀ ਘਾਟ
*ਖ਼ਪਤਕਾਰਾਂ ਨੂੰ ਸਮੇਂ ਸਿਰ ਇਨਸਾਫ ਮਿਲਣਾ ਹੋਇਆ ਮੁਸ਼ਕਿਲ
*ਖ਼ਪਤਕਾਰ ਕਾਨੂੰਨ ਰਾਂਹੀ ਘੱਟ ਸਮੇਂ ਵਿਚ ਮਿਲ ਸਕਦਾ ਸਸਤਾ ਇਨਸਾਫ



ਗਿਆਨ ਸਿੰਘ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ (ਰਿਟਾ.)

ਰਾਜ ਸਰਕਾਰਾਂ ਦੇ ਸਿਆਸੀ ਕਾਰਨਾਂ/ਅਣਦੇਖੀ ਕਾਰਨ ਰਾਜ/ਜ਼ਿਲ੍ਹਾ ਉਪਭੋਗਤਾ ਕਮਿਸ਼ਨਾਂ ਦੇ ਪ੍ਰਧਾਨਾਂ/ਮੈਂਬਰਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਅਮਲੇ ਤੇ ਸਾਜੋ ਸਮਾਨ ਦੀ ਘਾਟ ਹੈ ।ਇਸ ਕਰਕੇ ਖ਼ਪਤਕਾਰਾਂ ਨੂੰ ਸਮੇਂ ਸਿਰ ਇਨਸਾਫ ਮਿਲਣਾ ਮੁਸ਼ਕਿਲ ਹੋਇਆ ਪਿਆ। ਹੁਣ ਮਾਨਯੋਗ ਸੁਪਰੀਮ ਕੋਰਟ ਕੋਲ ਖ਼ਪਤਕਾਰ ਸੁਰੱਖਿਆ ਮਾਮਲੇ ਨੂੰ ਲੈ ਕੇ ਲੋਕ ਜਨਹਿਤ ਪਟੀਸ਼ਨ ਦਾਇਰ ਕਰਕੇ ਖ਼ਪਤਕਾਰਾਂ ਦੇ ਹਿਤਾਂ ਦੀ ਰਾਖੀ ਲਈ ਦਖਲ ਦੇਣ ਲਈ ਬੇਨਤੀ ਕੀਤੀ ਹੈ।ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਮਾਨਯੋਗ ਸਰਬਉਚ ਅਦਾਲਤ ਨੇ ਕਮਿਸ਼ਨ ਨਿਯੁਕਤ ਕਰਕੇ ਵੈਬਸਾਈਟ ਤੋਂ 30 ਨਵੰਬਰ 2020 ਤਕ ਦੀ ਵਿਸ਼ੇਸ ਰਿਪੋਰਟ ਲਈ ਜਿਸ ਵਿਚ ਕਈ ਊਨਤਾਈਆਂ ਪਾਈਆਂ ਗਈਆਂ।ਰਾਜਾਂ/ਯੂ.ਟੀ/ਜਿਲ੍ਹਾ ਕਮਿਸ਼ਨਾਂ ਦੀ ਸਥਿਤੀ ਵੱਖ ਵੱਖ ਸੀ।ਮਾਨਯੋਗ ਸਰਬਉਚ ਅਦਾਲਤ ਨੇ 1 ਮਾਰਚ 2021 ਤਕ ਦੀ ਸਥਿਤੀ ਅੱਪਡੇਟ ਕਰਨ ਦੇ ਨਾਲ ਨਾਲ ਮੌਜੂਦਾ ਸਥਿਤੀ ਨੂੰ ਬੇਹਤਰ ਬਣਾਉਣ ਲਈ ਕੇਂਦਰੀ ਸਰਕਾਰ, ਰਾਜ ਸਰਕਾਰਾਂ/ ਯੂ.ਟੀ. ਨੂੰ ਹੁਕਮ ਜਾਰੀ ਕੀਤੇ ਹਨ। ਇਸ ਕੇਸ਼ ਦੀ ਸੁਣਵਾਈ 12 ਅਪ੍ਰੈਲ 2021 ਨੂੰ ਨਿਸਚਿਤ ਕੀਤੀ ਹੈ।

ਮਾਨਯੋਗ ਸਰਬਉਚ ਅਦਾਲਤ ਦੇ ਹੁਕਮ ਪ੍ਰਾਪਤ ਹੋਣ ਤੇ ਪੰਜਾਬ ਸਰਕਾਰ ਨੇ ਜ਼ਿਲ੍ਹਾ ਉਪਭੋਗਤਾ ਕਮਿਸ਼ਨਾਂ ਵਿਚ ਖਾਲੀ ਪਈਆਂ ਪ੍ਰਧਾਨਾਂ/ਮੈਂਬਰਾਂ ਦੀਆਂ ਆਸਾਮੀਆ ਭਰਨ ਲਈ ਵਿਗਿਆਪਨ ਜਾਰੀ ਕੀਤਾ।ਪੰਜਾਬ ਦੇ 22 ਜ਼ਿਲ੍ਹਿਆਂ ਵਿਚੋਂ ਦੋ ਕਮਿਸ਼ਨ ਫ਼ਾਜ਼ਿਲਕਾ ਤੇ ਪਠਾਨਕੋਟ ਸਥਾਪਿਤ ਹੀ ਨਹੀਂ ਹੋਏ।20 ਕਮਿਸ਼ਨਾਂ ਵਿਚੋਂ 9 ਜ਼ਿਲ੍ਹੇ ਬਠਿੰਡਾ, ਬਰਨਾਲਾ, ਫਤਿਹਗੜ੍ਹ ਸਾਹਿਬ ,ਸੰਗਰੂਰ, ਰੋਪੜ, ਕਪੂਰਥਲਾ, ਮੁਕਤਸਰ ਸਾਹਿਬ, ਜਲੰਧਰ ਅਤੇ ਫ਼ਰੀਦਕੋਟ ਵਿਚ ਪ੍ਰਧਾਨ ਨਹੀਂ ਹਨ ।ਪੰਜਾਬ ਦੇ 20 ਜਿਲ੍ਹਿਆਂ ਵਿਚ 40 ਮੈਬਰਾਂ ਵਿਚੋਂ 32 ਮੈਂਬਰਾਂ ਦੀਆਂ ਥਾਵਾਂ ਜਿਲ੍ਹਾ ਅੰਮ੍ਰਿਤਸਰ,ਬਰਨਾਲਾ, ਬਠਿੰਡਾ, ਫ਼ਿਰੋਜ਼ਪੁਰ,ਗੁਰਦਾਸਪੁਰ, ਹੁਸ਼ਿਆਰਪੁਰ, ਕਪੂਰਥਲਾ, ਲੁਧਿਆਣਾ, ਮੋਗਾ, ਪਟਿਆਲਾ, ਐਸ ਏ ਐਸ ਨਗਰ ਅਤੇ ਸ਼ਹੀਦ ਭਗਤ ਸਿੰਘ ਨਗਰ ਵਿਚ ਦੋਵੇ ਦੋਵੇ ਥਾਵਾਂ ਖਾਲੀ ਹਨ ਜਦੋਂ ਕਿ ਬਾਕੀ ਅੱਠ ਜ਼ਿਲ੍ਹਿਆਂ ਵਿਚ ਕੇਵਲ ਇੱਕ ਇੱਕ ਮੈਂਬਰ ਹੈ।ਇਥੇ ਵਰਨਣਯੋਗ ਹੈ ਕਿ ਮੌਜੂਦਾ ਕਾਂਗਰਸ ਸਰਕਾਰ ਦਾ ਆਖਰੀ ਸਾਲ ਚਲ ਰਿਹਾ। ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਆਪਣੇ ਜੱਦੀ ਜ਼ਿਲ੍ਹੇ ਪਟਿਆਲੇ ਅਤੇ ਸ੍ਰੀ ਭਾਰਤ ਭੂਸ਼ਣ ਆਸ਼ੂ ਖ਼ੁਰਾਕ,ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਮੰਤਰੀ, ਪੰਜਾਬ ਆਪਣੇ ਜ਼ਿਲ੍ਹੇ ਲੁਧਿਆਣਾ ਦੇ ਖ਼ਪਤਕਾਰ ਕਮਿਸ਼ਨਾਂ ਦੀ ਦਿਸ਼ਾ ਵੀ ਨਹੀਂ ਸੁਧਾਰ ਸਕੇ।ਮੌਜੂਦਾ ਪ੍ਰਧਾਨਾਂ ਤੇ ਮੈਂਬਰਾਂ ਵਿਚੋਂ ਵੀ ਬਹੁਤੇ ਮਾਨਯੋਗ ਹਾਈ ਕੋਰਟ ਦੇ ਰਾਂਹੀ ਕਨੂੰਨੀ ਲੜਾਈ ਨਾਲ ਨਿਯੁਕਤ ਹੋਣ ਵਿਚ ਕਾਮਯਾਬ ਹੋਏ ਹਨ।

ਖ਼ਪਤਕਾਰ ਸੁਰੱਖਿਆ ਕਨੂੰਨ ਰਾਂਹੀ ਸਭ ਤੋਂ ਘੱਟ ਸਮੇਂ ਵਿਚ ਸਸਤਾ ਇਨਸਾਫ ਮਿਲ ਸਕਦਾ ਹੈ,ਖ਼ਪਤਕਾਰਾਂ ਨੂੰ ਰਾਹਤ ਮਿਲ ਸਕਦੀ ਹੈ।ਖ਼ਪਤਕਾਰ ਸੁਰੱਖਿਆ ਐਕਟ 1986 ਬਣਾਉਣ ਸਮੇਂ ਕੇਂਦਰ ਸਰਕਾਰ ਵਲੋਂ ਵੱਖ ਵੱਖ ਦੇਸ਼ਾਂ ਵਿਚ ਲਾਗੂ ਖ਼ਪਤਕਾਰ ਕਾਨੂੰਨਾਂ ਦਾ ਅਧਿਅਨ ਕੀਤਾ ਗਿਆ ਸੀ,ਪਰ ਕਾਨੂੰਨ ਲਾਗੂ ਕਰਨ ਉਪਰੰਤ ਹੀ ਉਸ ਕਾਨੂੰਨ ਦੇ ਫਾਇਦੇ ਤੇ ਨੁਕਸਾਨ ਸਾਹਮਣੇ ਆਏ। ਮੌਜੂਦਾ ਕੇਦਰੀ ਸਰਕਾਰ ਵਲੋਂ ਲੋਕ ਹਿੱਤ ਨੂੰ ਧਿਆਨ ਵਿਚ ਰੱਖਦਿਆਂ ਸੋਧਾਂ ਕਰਕੇ ਖ਼ਪਤਕਾਰ ਸੁਰੱਖਿਆ ਬਿਲ-2019 ਲ਼ੋਕ ਸਭਾ ਵਲੋਂ 30 ਜੁਲਾਈ 2019 ਅਤੇ ਰਾਜ ਸਭਾ ਵਲੋਂ 6 ਅਗਸਤ 2019 ਨੂੰ ਪਾਸ ਕੀਤਾ ਗਿਆ। ਰਾਸ਼ਟਰਪਤੀ ਵਲੋਂ 9 ਅਗਸਤ 2019 ਨੂੰ ਮੰਨਜਰੀ ਦਿੱਤੀ ਗਈ।ਬਿਲ ਬਹੁਤ ਸਾਰੀਆਂ ਸੋਧਾਂ ਕਰਨ ਉਪਰੰਤ ਭਾਂਵੇ ਪਿਛਲੇ ਸਾਲ ਪਾਸ ਕਰ ਦਿੱਤਾ ਗਿਆ ਸੀ ਪਰ ਇਸ ਦੀ ਅਧਿਸੂਚਨਾ ਭਾਰਤ ਸਰਕਾਰ ਵਲੋਂ 15 ਜੁਲਾਈ 2020 ਨੂੰ ਜਾਰੀ ਕੀਤੀ ਗਈ ਸੀ।ਕੌਮੀ,ਰਾਜ ਤੇ ਜ਼ਿਲ੍ਹਾ ਕਮਿਸ਼ਨਾਂ ਸਬੰਧੀ ਸੂਚਨਾ ਦੀ ਮੰਗ ਕਰਦਿਆਂ ਰਾਜ ਸਰਕਾਰਾਂ ਨੂੰ 20 ਜੁਲਾਈ 2020 ਤੋਂ ਖ਼ਪਤਕਾਰ ਸੁਰੱਖਿਆ ਕਨੂੰਨ 2019 ਲਾਗ ਕਰਨ ਲਈ ਆਦੇਸ ਜਾਰੀ ਕੀਤੇ ਸਨ ਤਾਂ ਜੋ ਇਸ ਕਾਨੂੰਨ ਨੂੰ ਸਮੇਂ ਦਾ ਹਾਣੀ ਬਣਾਇਆ ਜਾ ਸਕੇ।

ਇਸ ਵੇਲੇ ਖ਼ਪਤਕਾਰ ਸੁਰੱਖਿਆ ਕਨੂੰਨ ਅਨੁਸਾਰ ਫੈਸਲਾ ਕਰਨ ਦਾ ਸਮਾਂ 90 ਦਿਨ ਦਾ ਹੈ ਪਰ ਕੁਝ ਖਾਸ ਕੇਸ਼ਾਂ ਵਿਚ 150 ਦਿਨ ਤਕ ਵੀ ਹੋ ਸਕਦਾ ਹੈ।ਇਸ ਸਮੇਂ ਨੂੰ ਘਟਾਇਆ ਜਾ ਸਕਦਾ ਹੈ ਜਿਵੇਂ ਤਜਵੀਜ ਖਰੜੇ ਅਨੁਸਾਰ ਸ਼ਕਾਇਤ ਤੇ 21 ਦਿਨਾਂ ਵਿਚ ਕਾਰਵਾਈ ਕਰਨ ਦਾ ਸੰਕੇਤ ਦਿੱਤਾ ਗਿਆ ਹੈ ,ਇਹ ਤਾਂ ਪਹਿਲਾਂ ਹੀ ਵਿਵਸਥਾ ਹੈ ਕਿ ਸ਼ਕਾਇਤ ਦੀ ਮੁੱਢਲੀ ਕਾਰਵਾਈ ਮੁਕੰਮਲ ਕਰਨ ਲਈ ਭਾਵ ਇਨਸਾਫ ਲਈ ਸ਼ਕਾਇਤ ਦਾਖ਼ਲ ਕਰਨ ਦੀ ਕਾਰਵਾਈ ਲਈ ਵੱਧ ਤੋਂ ਵੱਧ 21 ਦਿਨ ਹਨ।ਉਸ ਤੋਂ ਪਿਛੋਂ ਇੱਕ ਮਹੀਨੇ ਤਕ ਦਾ ਨੋਟਿਸ ਦੇ ਕੇ ਵਿਰੋਧੀ ਪਾਰਟੀ ਨੂੰ ਤਲਬ ਕੀਤਾ ਜਾਂਦਾ ਹੈ।

ਜਿਲ੍ਹਾ ਉਪਭੋਗਤਾ ਕਮਿਸ਼ਨਾਂ ਵਲੋਂ ਵਿਰੋਧੀ ਪਾਰਟੀ ਨੂੰ ਤਲਬ ਕਰਨ ਲਈ ਦਸਤੀ ਜਾਂ ਡਾਕ ਰਾਂਹੀ ਨੋਟਿਸ ਭੇਜੇ ਜਾਂਦੇ ਹਨ। ਕਮਿਸ਼ਨਾਂ ਕੋਲ ਦਰਜ਼ ਸ਼ਕਾਇਤ ਦੇ ਸਬੰਧ ਵਿਚ ਸ਼ਕਾਇਤ ਕਰਤਾ ਅਤੇ ਜਵਾਬ ਦੇਣ ਵਾਲੀ ਪਾਰਟੀ ਨਿੱਜੀ ਤੌਰ ਤੇ ਹਾਜਰ ਹੋ ਸਕਦੀਆਂ ਹਨ,ਪਰ ਆਮ ਤੌਰ ਤੇ ਖ਼ਪਤਕਾਰ ਅਤੇ ਵਿਰੋਧੀ ਪਾਰਟੀ ਵਕੀਲਾਂ ਦੀ ਮਦੱਦ ਲੈਂਦੇ ਹਨ।

ਰਾਜ ਪੱਧਰ ਤੇ ਹਾਈਕੋਰਟਾਂ ਦੇ ਸੇਵਾ ਮੁਕਤ ਮਾਨਯੋਗ ਜੱਜ ਅਤੇ ਜ਼ਿਲ੍ਹਾ ਪੱਧਰ ਤੇ ਸੇਵਾ ਮੁਕਤ ਜ਼ਿਲ੍ਹਾ ਤੇ ਸ਼ੈਸਨ ਜੱਜ ਜਾਂ ਦਸ ਸਾਲ ਦੇ ਤਜਰਬੇ ਵਾਲੇ ਵਕੀਲਾਂ ਦੀ ਨਿਯੁਕਤੀ ਬਤੌਰ ਪ੍ਰਧਾਨ ਕੀਤੀ ਜਾਂਦੀ ਹੈ। ਉਨ੍ਹਾਂ ਦੇ ਨਾਲ ਦੋ ਮੈਂਬਰ (ਪੁਰਸ਼ ਤੇ ਇਸਤਰੀ) ਉੱਚ ਅਹੁਦਿਆਂ ਤੋਂ ਸੇਵਾ ਮੁਕਤ ਅਧਿਕਾਰੀ / ਵਕੀਲ ਜਾਂ ਸਮਾਜਸੇਵਾ ਖੇਤਰ ਵਿਚ ਕੰਮ ਕਰਨ ਵਾਲੇ ਵਿਅਕਤੀਆਂ ਨੂੰ ਨਿਯੁਕਤ ਕੀਤਾ ਜਾਂਦਾ ਹੈ। ਜਿਲ੍ਹਾ ਉਪਭੋਗਤਾ ਕਮਿਸ਼ਨਾਂ ਵਿਚ ਕੌਂਸ਼ਲਰਾਂ ਦੀ ਨਿਯੁਕਤੀ ਕਰਕੇ ਪ੍ਰੀਕੌਂਸ਼ਲਿੰਗ ਲਈ ਪੈਂਨਲ ਗਠਿੱਤ ਕਰਨ ਦੀ ਲੋੜ ਹੈ ਤਾਂ ਜੋ ਸ਼ਕਾਇਤ ਦਾ ਜਵਾਬ ਪ੍ਰਾਪਤ ਹੋਣ ਤੇ ਮੁੱਢਲੇ ਤੌਰ ਤੇ ਆਪਸੀ ਸਹਿਮਤੀ ਨਾਲ ਸਿਕਾਇਤਾਂ ਦਾ ਹਲ ਖ਼ਪਤਕਾਰ ਦੇ ਨੁਕਸਾਨ ਦੀ ਭਰਪਾਈ ਕਰਵਾਕੇ ਮਾਮਲਾ ਖ਼ਤਮ ਕੀਤਾ ਜਾ ਸਕੇ।ਮਾਮਲਾ ਨਾ ਸੁਲਝੇ ਤਾਂ ਉਸ ਨੂੰ ਕਮਿਸ਼ਨ ਸਾਹਮਣੇ ਰੱਖਿਆ ਜਾਵੇ।

ਖ਼ਪਤਕਾਰ ਕਾਨੂੰਨ ਅਨੁਸਾਰ ਖ਼ਪਤਕਾਰਾਂ ਦੀਆਂ ਸ਼ਕਾਇਤਾਂ ਸਿੱਧੇ ਤੌਰ ਤੇ ਆਨ ਲਾਈਨ ਕਰਨ ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ,ਜ਼ਿਲ੍ਹਾ ਖ਼ਪਤਕਾਰ ਕਮਿਸ਼ਨ, ਰਾਜ ਕਮਿਸ਼ਨ,ਕੌਮੀਂ ਕਮਿਸ਼ਨ ਦੇ ਰੋਜ਼ਾਨਾ ਕੰਮਕਾਰ ਅਤੇ ਫੈਸਲਿਆਂ ਨੂੰ ਆਨ ਲਾਈਨ ਕੀਤਾ ਜਾਂਦਾ ਹੈ।ਇਸ ਮੰਤਵ ਲਈ ਐਨ.ਆਈ.ਸੀ. ਵਲੋਂ ਠੇਕੇ ਤੇ ਰੱਖੇ ਡੈਟਾ ਮੈਨੇਜਮੈਂਟ ਸਹਾਇਕਾਂ ਰਾਂਹੀ ਸੇਵਾਂਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਜਿਨ੍ਹਾ ਦੇ ਸਿਰ ਤੇ ਹਮੇਸਾ ਸੇਵਾਂਵਾਂ ਖ਼ਤਮ ਹੋਣ ਦੀ ਤਲਵਾਰ ਲਟਕੀ ਰਹਿੰਦੀ ਹੈ। ਉਨ੍ਹਾਂ ਦਾ ਮਾਮਲਾ ਵੀ ਮਾਨਯੋਣ ਹਾਈ ਕੋਰਟ ਵਿਚ ਲੰਬਿਤ ਹੈ।ਖ਼ਪਤਕਾਰ ਸੁਰੱਖਿਆ ਕਾਨੂੰਨ ਅਨੁਸਾਰ ਮੰਨਜੂਰੀ ਦੇ ਕੇ ਆਨ ਲਾਈਨ ਸੇਵਾਂਵਾਂ ਪ੍ਰਦਾਨ ਕਰਨ ਵਾਲੇ ਦੋ ਦੋ ਪੱਕੇ ਕਰਮਚਾਰੀਆਂ ਦੀ ਨਿਯੁਕਤੀ ਕਰਨ ਦੀ ਵਿਵਸਥਾ ਕੀਤੀ ਜਾਣੀ ਯੋਗ ਹੈ ਤਾਂ ਜੋ ਕੰਮ ਵਿਚ ਕਿਸੇ ਸਮੇਂ ਵਿਘਨ ਨਾ ਪਵੇ।

ਖ਼ਪਤਕਾਰ ਸੁਰੱਖਿਆ ਕਨੂੰਨ 2019 ਅਨੁਸਾਰ ਜ਼ਿਲ੍ਹਾ ਖ਼ਪਤਕਾਰ ਸੁਰੱਖਿਆ ਕਮਿਸ਼ਨ ਨੂੰ ਸਿਕਾਇਤਾਂ ਸੁਣਨ ਦੇ ਅਧਿਕਾਰ ਇੱਕ ਕਰੋੜ ਰੁਪੈ ਤਕ ਅਤੇ ਰਾਜ ਕਮਿਸ਼ਨ ਨੂੰ 10 ਕਰੋੜ ਰੁਪੈ ਤਕ ਕਰ ਦਿੱਤੇ ਗਏ ਹਨ। 10 ਕਰੋੜ ਰੁਪੈ ਤੋਂ ਉਪਰ ਅਧਿਕਾਰ ਕੌਮੀ ਕਮਿਸ਼ਨ ਕੋਲ ਹਨ।ਨਵੇਂ ਕਨੂੰਨ 2019 ਅਨੁਸਾਰ ਖ਼ਪਤਕਾਰਾਂ ਨੂੰ ਪੰਜ ਲੱਖ ਰੁਪੈ ਤਕ ਸਿਕਾਇਤਾਂ ਲਈ ਫੀਸ ਦੀ ਛੋਟ ਦਿੱਤੀ ਗਈ ਹੈ। ਜ਼ਿਲ੍ਹਾ ਕਮਿਸ਼ਨ ਕੋਲ ਸ਼ਿਕਾਇਤ ਕਰਨ ਲਈ ਪੰਜ ਲੱਖ ਤੋਂ ਦੱਸ ਲੱਖ ਰੁਪੈ ਤਕ 200 ਰੁਪੈ, 10 ਲੱਖ ਤੋਂ 20 ਲੱਖ ਰੁਪੈ ਤਕ 400 ਰੁਪੈ, 20 ਲੱਖ ਤੋਂ 50 ਲੱਖ ਰੁਪੈ ਤਕ 1000 ਰੁਪੈ, 50 ਲੱਖ ਤੋਂ ਇੱਕ ਕਰੋੜ ਰੁਪੈ ਤਕ 2000 ਰੁਪੈ।ਰਾਜ ਕਮਿਸ਼ਨ ਕੋਲ ਕੇਸ ਦਾਇਰ ਕਰਨ ਲਈ ਇੱਕ ਕਰੋੜ ਰੁਪੈ ਤੋਂ 2 ਕਰੋੜ ਰੁਪੈ ਤਕ 2500 ਰੁਪੈ, 2 ਕਰੋੜ ਰੁਪੈ ਤੋਂ 4 ਕਰੋੜ ਰੁਪੈ ਤਕ 3000 ਰੁਪੈ,4 ਕਰੋੜ ਰੁਪੈ ਤੋਂ 6 ਕਰੋੜ ਰੁਪੈ ਤਕ 4000 ਰੁਪੈ, 6 ਕਰੋੜ ਤੋਂ 8 ਕਰੋੜ ਰੁਪੈ ਤਕ 5000 ਰੁਪੈ ਅਤੇ 8 ਕਰੋੜ ਰੁਪੈ ਤੋਂ 10 ਕਰੋੜ ਰੁਪੈ ਤਕ 6000 ਰੁਪੈ ਫੀਸ ਨਿਰਧਾਰਤ ਕੀਤੀ ਗਈ ਹੈ।ਕੌਮੀ ਕਮਿਸ਼ਨ ਕੋਲ 10 ਕਰੋੜ ਰੁਪੈ ਤੋਂ ਉੱਪਰ ਦੀਆਂ ਸਿਕਾਇਤਾਂ ਲਈ 7500 ਰੁਪੈ ਫੀਸ ਨਿਸਚਤ ਕੀਤੀ ਗਈ ਹੈ।ਸਿਕਾਇਤ ਨਾਲ ਫੀਸ ਇੰਡੀਅਨ ਪੋਸਟਲ ਆਰਡਰ ਜਾਂ ਬੈਂਕ ਚਲਾਨ ਰਾਂਹੀ ਅਦਾ ਕੀਤੀ ਜਾ ਸਕੇਗੀ।

ਕੇਂਦਰੀ ਸਰਕਾਰ ਵਲੋਂ ਨਵੀਂ ਸੋਧ ਨੀਤੀ ਅਨੁਸਾਰ ਕੇਂਦਰੀ ਖ਼ਪਤਕਾਰ ਪ੍ਰੋਟੈਕਸਨ ਅਥਾਰਟੀ ਅਤੇ ਦੇਸ਼ ਅੰਦਰ 7 ਥਾਂਵਾਂ ਤੇ 'ਵਨ ਸਟਾਪ ਸਲਿਊਸ਼ਨ ਸੈਂਟਰਜ' ਕੇਂਦਰ ਕਾਇਮ ਕਰਨ ਦੀ ਤਜਵੀਜ ਹੈ,ਇਸ ਦਾ ਘੇਰਾ ਰਾਜ ਪੱਧਰ ਤੱਕ ਵਧਾਇਆ ਜਾਣਾ ਚਾਹੀਦਾ ਹੈ।ਮੌਜੂਦਾ ਖ਼ਪਤਕਾਰ ਸੁਰੱਖਿਆ ਕਾਨੂੰਨ ਵਿਚ ਕੌਮੀ,ਰਾਜ,ਜ਼ਿਲ੍ਹਾ ਪੱਧਰ ਤੇ ਖ਼ਪਤਕਾਰਾਂ ਦੇ ਹਿੱਤਾਂ ਦੀ ਰਾਖੀ ਲਈ ਖ਼ਪਤਕਾਰ ਸੁਰੱਖਿਆ ਕੌਂਸਲਾਂ ਸਥਾਪਿਤ ਕਰਨ ਦੀ ਵਿਵਸਥਾ ਹੈ ,ਇਨ੍ਹਾਂ ਦਾ ਸਹਿਯੋਗ ਲੈ ਕੇ ਖ਼ਪਤਕਾਰਾਂ ਨੂੰ ਜਾਗਰੂਕ ਕਰਨ ਲਈ ਆਰਥਿਕ ਤੌਰ ਤੇ ਮਜ਼ਬੂਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ।ਖ਼ਪਤਕਾਰਾਂ ਦੇ ਹਿੱਤਾਂ ਦੀ ਰਾਖੀ ਲਈ ਬਣਾਏ ਗੈਰ ਸਰਕਾਰੀ ਸੰਗਠਨਾਂ ਦੀ ਜਾਂਚ ਕਰਨ ਦੀ ਲੋੜ ਹੈ।

ਖ਼ਪਤਕਾਰਾਂ ਲਈ ਰਹਾਇਸ ਵਾਲੀ ਥਾਂ ਤੋਂ ਸ਼ਕਾਇਤ ਕਰ ਸਕਣ ਦੀ ਸਹੂਲਤ ਪ੍ਰਦਾਨ ਕਰਨ ਨਾਲ ਇਸ ਦਾ ਘੇਰਾ ਵਿਸ਼ਾਲ ਹੋ ਗਿਆ ਹੈ ਕਿਉਂਕਿ ਦੂਰ ਦੁਰਾਡੇ ਤੋਂ ਆਪ ਜਾਂ ਆਨ ਲਾਈਨ ਆਰਡਰ ਰਾਹੀ ਖ੍ਰੀਦ ਕੀਤੀ ਵਸਤੂ ਜਾਂ ਪ੍ਰਾਪਤ ਸੇਵਾਂਵਾਂ ਵਿਚ ਨੁਕਸ਼, ਕਮੀਂ,ਊਨਤਾਈ ਹੋਣ ਤੇ ਖ਼ਪਤਕਾਰ ਸ਼ਕਾਇਤ ਕਰਨ ਲਈ ਸਮਰੱਥ ਹੈ।ਖ਼ਪਤਕਾਰ ਛੋਟੇ ਮੋਟੇ ਨੁਕਸਾਨ ਬਦਲੇ ਕੀਮਤੀ ਸਮਾਂ ਬਰਬਾਦ ਕਰਨ ਤੋਂ ਗੁਰੇਜ਼ ਕਰਦਾ ਹੈ ਅਤੇ ਨੁਕਸ਼ਾਨ ਬਰਦਾਸਤ ਕਰ ਲੈਂਦਾ ਹੈ ਪਰ ਕੁਝ ਪੇਸਾਵਾਰ ਲੋਕ ਬਿਨ੍ਹਾ ਨੁਕਸਾਨ ਹੋਣ ਤੇ ਵੀ ਫਾਇਦਾ ਉਠਾ ਲੈਂਦੇ ਹਨ।

ਖ਼ਪਤਕਾਰ ਲਈ ਮੁੱਢਲੀ ਸ਼ਰਤ ਹੈ ਕਿ ਉਸ ਪਾਸ ਖ੍ਰੀਦ ਕੀਤੇ ਸਮਾਨ ਜਾਂ ਪ੍ਰਾਪਤ ਸੇਵਾਂਵਾਂ ਦੇ ਖ੍ਰੀਦ ਬਿੱਲ ਹੋਣੇ ਚਾਹੀਦੇ ਹਨ।ਸਾਡੇ ਮੁਲਕ ਵਿਚ ਹਰ ਪੱਧਰ ਤੇ ਟੈਕਸ ਚੋਰੀ ਕਰਕੇ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਦੀ ਪਰਵਿਰਤੀ ਖ਼ਪਤਕਾਰ ਸੁਰੱਖਿਆ ਕਾਨੂੰਨ ਦੇ ਅਸਲ ਮੰਤਵ ਨੂੰ ਢਾਹ ਲਾ ਰਹੀ ਹੈ,ਖ਼ਪਤਕਾਰ ਵੀ ਖ਼ੁਦ ਇਸ ਦੋਸ਼ ਤੋਂ ਮੁੱਕਤ ਨਹੀਂ ਹੋ ਸਕਦੇ ਉਹ ਵੀ ਟੈਕਸ ਬਚਾਉਣ ਦੇ ਆਦੀ ਹੋ ਚੁੱਕੇ ਹਨ। ਖ਼ਪਤਕਾਰ ਪਾਸ ਬਿੱਲ ਨਾ ਹੋਣ ਕਰਕੇ ਉਸ ਨੂੰ ਚੀਜਾਂ ਵਸਤਾਂ ਦੀ ਗਰੰਟੀ ਤੇ ਮਿਆਰੀ ਹੋਣ ਦਾ ਕਿਵੇਂ ਪਤਾ ਲਗ ਸਕਦਾ ਹੈ।ਵਿਦੇਸ਼ਾ ਵਿਚ ਨਿੱਕੀ ਨਿੱਕੀ ਵਸਤੂ ਖ੍ਰੀਦਣ ਤੇ ਬਿੱਲ ਕੱਟ ਦਿੱਤਾ ਜਾਂਦਾ ਹੈ ਗ੍ਰਾਹਕ ਭਾਂਵੇ ਬਿੱਲ ਸਾਂਭ ਕੇ ਰੱਖੇ ਜਾਂ ਨਾ,ਖ੍ਰੀਦ ਕੀਤੀਆਂ ਵਸਤਾਂ ਮਿਆਰੀ ਨਾ ਹੋਣ ਦੀ ਸੂਰਤ ਵਿਚ ਵਾਪਸ ਕਰਨ ਜਾਂ ਬਦਲਣ ਦੀ ਵਿਵਸਥਾ ਹੈ।ਸਾਡੇ ਤਾਂ ਇਥੇ ਬਿੱਲ ਕੱਟਣ ਦਾ ਰਿਵਾਜ ਹੀ ਨਹੀਂ ਹੈ,ਟੈਕਸਾਂ ਦੀ ਉਗਰਾਹੀ ਕਰਨ ਵਾਲੇ ਅਧਿਕਾਰੀ ਵੀ ਲਾਲਚਵਸ ਅੱਖਾਂ ਮੀਟ ਲੈਂਦੇ ਹਨ।ਖ਼ਪਤਕਾਰਾਂ ਦੇ ਹਿੱਤਾਂ ਦੀ ਰਾਖੀ ਲਈ ਨਿਰਮਾਤਾਵਾਂ ਨੂੰ ਮਿਆਰੀ ਵਸਤਾਂ ਤਿਆਰ ਕਰਨ ਤੇ ਮੁਨਾਫ਼ੇ ਸਾਹਿਤ ਵਾਜ਼ਬ ਕੀਮਤ ਨਿਰਧਾਰਤ ਕਰਨ ਲਈ ਮਾਪਦੰਡ ਤਹਿ ਕਰਨ ਦੀ ਲੋੜ ਹੈ।ਮਾਰਕਿਟ ਵਿਚ ਅਸਲੀ ਵਸਤਾਂ ਦੀ ਨਕਲ ਮਮੂਲੀ ਅਦਲਾ ਬਦਲੀ ਕਰਕੇ ਜਾਂ ਮਿਲਦਾ ਜੁਲਦਾ ਨਾਂ ਰੱਖ ਕੇ ਗੈਰਮਿਆਰੀ ਵਸਤਾਂ ਦੇ ਵੱਧ ਵੇਚ ਮੁੱਲ ਲਿਖਕੇ ਵੱਧ ਮੁਨਾਫ਼ਾ ਕਮਾਉਣ ਦੀ ਪ੍ਰਵਿਰਤੀ ਖ਼ਪਤਕਾਂਰਾ ਨਾਲ ਧੋਖਾ ਹੈ।

ਗਰੀਬ ਖ਼ਪਤਕਾਰ ਲੋਕਾਂ ਲਈ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਲਈ ਆਮਦਨ ਦੀ ਹੱਦ ਵਧਾ ਕੇ ਨਿਸ਼ਚਤ ਕਰਨ,ਸ਼ਹਿਰਾਂ ਅਤੇ ਪਿੰਡਾਂ ਵਿਚ ਖ਼ਪਤਕਾਰ ਸੁਰੱਖਿਆ ਕਾਨੂੰਨ ਬਾਰੇ ਜਾਗ੍ਰਿਤੀ ਪੈਦਾ ਕਰਨ , ਰਾਜ/ ਜ਼ਿਲ੍ਹਾ ਖ਼ਪਤਕਾਰ ਸੁਰੱਖਿਆ ਕੌਂਸ਼ਲਾਂ ਰਾਂਹੀ ਯੋਗ ਵਿਅਕਤੀਆਂ ਦੀਆਂ ਸੇਵਾਂਵਾਂ ਪ੍ਰਾਪਤ ਕਰਕੇ 'ਜਾਗੋ ਗ੍ਰਾਹਕ ਜਾਗੋ'' ਚੇਤਨਾ ਮੁਹਿੰਮ ਲਈ ਆਰਥਿਕ ਸਹਾਇਤਾ ਦਾ ਉਪਬੰਧ ਕਰਨਾ ਜਰੁਰੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, Angrez Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.







ਨੈਨੀ ਦੀ ਲੋੜ
Queen and credit view area ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ: 416-556-6884







ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਗੱਲ ਪੰਜਾਂ ਰਾਜਾਂ ਦੀਆਂ ਚੋਣਾਂ ਦੀ ਨਹੀਂ, ਉਸ ਵਹਿਣ ਦੀ ਹੈ, ਜਿੱਧਰ ਨੂੰ ਭਾਰਤ ਚੱਲ ਪਿਆ ਜਾਪਦੈ



ਜਤਿੰਦਰ ਪੰਨੂ

ਭਾਰਤ ਦੇ ਲੋਕਾਂ ਦਾ ਜਿਹੜਾ ਧਿਆਨ ਪਹਿਲਾਂ ਕੇਂਦਰ ਸਰਕਾਰ ਦੇ ਪਾਸ ਕੀਤੇ ਤਿੰਨ ਖੇਤੀ ਬਿੱਲਾਂ ਦੇ ਖਿਲਾਫ ਹੋਣ ਵਾਲੇ ਕਿਸਾਨ ਸੰਘਰਸ਼ ਵੱਲ ਲੱਗਾ ਹੋਇਆ ਸੀ, ਉਹ ਇਸ ਵਕਤ ਭਾਰਤ ਦੇ ਪੰਜਾਂ ਰਾਜਾਂ ਵਿੱਚ ਹੋਣ ਵਾਲੀਆਂ ਅਸੈਂਬਲੀ ਚੋਣਾਂ ਵੱਲ ਲੱਗ ਗਿਆ ਹੈ। ਕਿਸਾਨ ਆਗੂ ਵੀ ਦਿੱਲੀ ਦੇ ਬਾਰਡਰਾਂ ਵਾਲਾ ਮੋਰਚਾ ਅਗਲੀ ਪੀੜ੍ਹੀ ਵਾਲਿਆਂ ਦੇ ਹੱਥ ਸੌਂਪ ਕੇ ਉਨ੍ਹਾਂ ਪੰਜਾਂ ਰਾਜਾਂ ਵਿੱਚ ਭਾਜਪਾ ਦੇ ਖਿਲਾਫ ਲੋਕਾਂ ਨੂੰ ਜਾਗਰੂਕ ਕਰਨ ਨਿਕਲ ਤੁਰੇ ਹਨ। ਲੜਾਈ ਓਨੀ ਦਿੱਲੀ ਵਿੱਚ ਨਹੀਂ ਰਹੀ, ਜਿੰਨੀ ਉਨ੍ਹਾਂ ਪੰਜਾਂ ਰਾਜਾਂ ਵਿੱਚ ਹੁੰਦੀ ਜਾਪਦੀ ਹੈ। ਭਾਰਤੀ ਜਨਤਾ ਪਾਰਟੀ ਆਪਣੀ ਚੜ੍ਹਤ ਦੇ ਨਗਾਰੇ ਵਜਾਉਣ ਦਾ ਪ੍ਰਭਾਵ ਬਣਾ ਕੇ ਇਨ੍ਹਾਂ ਪੰਜਾਂ ਰਾਜਾਂ ਵਿੱਚ ਮੁਕਾਬਲੇ ਦੀਆਂ ਦੋ ਮੁੱਖ ਧਿਰਾਂ ਵਿੱਚੋਂ ਇੱਕ ਬਣੀ ਦਿੱਸਦੀ ਹੈ। ਧਰਮ ਨਿਰਪੱਖ ਤਾਕਤਾਂ ਇਸ ਤੋਂ ਖਤਰਾ ਮਹਿਸੂਸ ਕਰਦੀਆਂ ਹਨ, ਪਰ ਇਹ ਗੱਲ ਅੱਖੋਂ ਪਰੋਖੇ ਕਰੀ ਜਾਂਦੀਆਂ ਹਨ ਕਿ ਜਦੋਂ ਭਾਜਪਾ ਦੀ ਚੜ੍ਹਤ ਦੇ ਖਿਲਾਫ ਇਕੱਠੇ ਹੋਣ ਦਾ ਸਮਾਂ ਸੀ, ਓਦੋਂ ਰਾਜ-ਗੱਦੀਆਂ ਦੀ ਝਾਕ ਉਨ੍ਹਾਂ ਉੱਤੇ ਭਾਰੂ ਹੁੰਦੀ ਸੀ। ਇਹ ਅੰਗਰੇਜ਼ੀ ਦੀ ਕਹਾਵਤ ਇਨ੍ਹਾਂ ਧਰਮ ਨਿਰਪੱਖ ਲੀਡਰਾਂ ਨੇ ਵੀ ਸੁਣੀ ਹੋਵੇਗੀ: 'ਏ ਸਟਿੱਚ ਇਨ ਟਾਈਮ, ਸੇਵਜ਼ ਦ ਨਾਈਨ', ਭਾਵ ਇਹ ਕਿ ਉੱਧੜਦੇ ਕੱਪੜੇ ਨੂੰ ਵੇਲੇ ਸਿਰ ਇੱਕ ਤੋਪਾ ਲਾ ਲਿਆ ਜਾਵੇ ਤਾਂ ਨੌਂ ਲਾਉਣ ਤੋਂ ਬਚ ਜਾਈਦਾ ਹੈ। ਇਸ ਵਕਤ ਹਾਲਤ ਨੌਂ ਤੋਪਿਆਂ ਤੋਂ ਬਚਣ ਤੋਂ ਵੀ ਅੱਗੇ ਲੰਘ ਕੇ ਲੰਗਾਰ ਹੁੰਦੀਆਂ ਲੀਰਾਂ ਵਾਲੀ ਬਣੀ ਹੋਈ ਹੈ।

ਕਾਂਗਰਸ ਪਾਰਟੀ ਇਸ ਵਕਤ ਆਸਾਮ ਵਿੱਚ ਆਪਣੀ ਜਿੱਤ ਦਾ ਠੋਕਵਾਂ ਦਾਅਵਾ ਕਰ ਸਕਣ ਜੋਗੀ ਨਹੀਂ। ਪਹਿਲਾਂ ਏਸੇ ਆਸਾਮ ਵਿੱਚ ਕਾਂਗਰਸ ਦੀ ਤਿੰਨ ਵਾਰੀ ਸਰਕਾਰ ਲਗਾਤਾਰ ਬਣੀ ਸੀ, ਪਰ ਚੌਥੀ ਵਾਰ ਬੇੜਾ ਓਦੋਂ ਗਰਕਿਆ, ਜਦੋਂ ਦਿੱਲੀ ਵਿੱਚ ਬੈਠੀ ਕਾਂਗਰਸ ਪ੍ਰਧਾਨ ਦੇ ਦੁਆਲੇ ਜੁੜੀ ਜੁੰਡੀ ਆਸਾਮ ਦੇ ਮੁੱਖ ਮੰਤਰੀ ਤਰੁਣ ਗੋਗੋਈ ਵਿਰੁੱਧ ਇਸ ਲਈ ਸਾਜ਼ਿਸ਼ਾਂ ਘੜਨ ਲੱਗ ਪਈ ਕਿ ਚੌਥੀ ਵਾਰ ਜਿੱਤ ਗਿਆ ਤਾਂ ਉਸ ਦਾ ਕੱਦ ਰਾਹੁਲ ਗਾਂਧੀ ਤੋਂ ਵੱਡਾ ਹੋ ਜਾਵੇਗਾ। ਉਹ ਹਾਰ ਜਾਣ ਪਿੱਛੋਂ ਪ੍ਰਾਣ ਵੀ ਤਿਆਗ ਗਿਆ ਤਾਂ ਰਾਹੁਲ ਦੀ ਜੁੰਡੀ ਆਪਣੇ ਇਸ ਨੇਤਾ ਨੂੰ ਲੈ ਕੇ ਕੁਝ ਕਰਨ ਦੀ ਥਾਂ ਉਲਟਾ ਉਸ ਦੇ ਖਿਲਾਫ ਅਤੇ ਉਸ ਦੀ ਮਾਂ ਦੇ ਖਿਲਾਫ ਜੰਮੂ ਤੱਕ ਜਾ ਕੇ ਮੀਟਿੰਗਾਂ ਕਰਨ ਲੱਗ ਪਈ ਹੈ। ਅੱਜ ਉਹ ਇਸ਼ਾਰੇ ਕਰਦੇ ਹਨ ਕਿ ਰਾਹੁਲ ਗਾਂਧੀ ਲੀਡਰੀ ਕਰਨ ਦੇ ਯੋਗ ਨਹੀਂ, ਪਰ ਜਦੋਂ ਦੋ ਵਾਰੀ ਏਦਾਂ ਦਾ ਮੌਕਾ ਮਿਲਿਆ ਸੀ ਕਿ ਉਸ ਨੂੰ ਲਾਂਭੇ ਹੋਣ ਲਈ ਕਹਿ ਦਿੱਤਾ ਜਾਵੇ, ਇਨ੍ਹਾਂ ਵਿੱਚੋਂ ਕਿਸੇ ਇੱਕ ਨੇ ਵੀ ਨਹੀਂ ਸੀ ਕਿਹਾ। ਜਦੋਂ ਮਨਮੋਹਨ ਸਿੰਘ ਸਰਕਾਰ ਵੱਲੋਂ ਪਾਸ ਕੀਤਾ ਇੱਕ ਬਿੱਲ ਰਾਹੁਲ ਗਾਂਧੀ ਨੇ ਪ੍ਰੈੱਸ ਕਾਨਫਰੰਸ ਵਿੱਚ ਪਾੜਿਆ ਸੀ ਤੇ ਵਿਦੇਸ਼ ਵਿੱਚ ਗਏ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਵਿਦੇਸ਼ੀ ਪ੍ਰੈੱਸ ਸਾਹਮਣੇ ਸ਼ਰਮਿੰਦਾ ਹੋਣਾ ਪਿਆ ਸੀ, ਓਦੋਂ ਰਾਹੁਲ ਨੂੰ ਘੂਰਨਾ ਚਾਹੀਦਾ ਸੀ। ਦੂਸਰਾ ਮੌਕਾ ਦਿੱਲੀ ਵਿੱਚ ਇੱਕ ਸਟੇਡੀਅਮ ਵਿੱਚ ਉਸ ਦੇ ਇਹ ਕਹਿਣ ਦਾ ਸੀ ਕਿ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਕੀ ਹੈ, ਇਹ ਮੈਂ ਅੱਜ ਸ਼ਾਮ ਤੱਕ ਬਣ ਸਕਦਾ ਹਾਂ। ਇਸ ਦਾ ਅਰਥ ਸੀ ਕਿ ਆਹ ਜਿਹੜਾ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਬੈਠਾ ਹੈ, ਇਸ ਦਾ ਕੀ ਹੈ, ਇਸ ਨੂੰ ਅਸੀਂ ਮਾਂ-ਪੁੱਤ ਅੱਜ ਸ਼ਾਮ ਤੱਕ ਉਠਾ ਕੇ ਪਰੇ ਕਰ ਸਕਦੇ ਹਾਂ। ਇੱਕ ਵੀ ਕਾਗਰਸੀ ਆਗੂ ਨੂੰ ਓਦੋਂ ਰਾਹੁਲ ਦਾ ਭਾਸ਼ਣ ਨਹੀਂ ਸੀ ਚੁਭਿਆ ਅਤੇ ਅੱਜ ਉਹੀ ਸਾਰੇ ਉਸ ਦੇ ਖਿਲਾਫ ਮੀਟਿੰਗਾਂ ਕਰਦੇ ਫਿਰਦੇ ਹਨ।

ਦੂਸਰੀ ਧਿਰ ਖੱਬੇ-ਪੱਖੀਆਂ ਦੀ ਹੈ। ਇੱਕ ਵਕਤ ਸਾਰੇ ਕਾਂਗਰਸ-ਵਿਰੋਧੀ ਤੇ ਭਾਜਪਾ-ਵਿਰੋਧੀ ਧੜੇ ਇਹ ਮੰਨਣ ਨੂੰ ਤਿਆਰ ਹੋ ਗਏ ਸਨ ਕਿ ਸੀ ਪੀ ਆਈ (ਐੱਮ) ਦੇ ਲੀਡਰ ਜੋਤੀ ਬਾਸੂ ਨੂੰ ਪ੍ਰਧਾਨ ਮੰਤਰੀ ਬਣਾ ਕੇ ਸਾਂਝੀ ਸਰਕਾਰ ਦਾ ਗਠਨ ਕਰ ਲਈਏ। ਜਦੋਂ ਉਸ ਦੀ ਆਪਣੀ ਪਾਰਟੀ ਸੀ ਪੀ ਆਈ (ਐੱਮ) ਵਿੱਚ ਇਸ ਬਾਰੇ ਮਤਾ ਪੇਸ਼ ਹੋਇਆ ਤਾਂ ਉਸ ਦੇ ਖਿਲਾਫ ਬਹੁ-ਸੰਮਤੀ ਇਸ ਲਈ ਜੁੜ ਗਈ ਕਿ ਕਾਂਗਰਸ ਨਾਲ ਸਾਂਝ ਪਾ ਕੇ ਚੱਲਣ ਵਾਲੀ ਸਰਕਾਰ ਵਿੱਚ ਸ਼ਾਮਲ ਹੋਣ ਦਾ ਸਵਾਲ ਹੀ ਨਹੀਂ। ਅਗਲੀਆਂ ਦੋ ਚੋਣਾਂ ਵਿੱਚ ਜਿਹੜੇ ਕਾਮਰੇਡ ਇਹ ਕਹਿੰਦੇ ਸਨ ਕਿ ਮਮਤਾ ਬੈਨਰਜੀ ਸੱਜ ਪਿਛਾਖੜ ਅਤੇ ਭਾਰਤ ਦੇ ਪੂੰਜੀਵਾਦ ਦੀ ਆਗੂ ਹੈ, ਇਸ ਨੂੰ ਜਿੱਤਣ ਨਹੀਂ ਦੇਣਾ ਚਾਹੀਦਾ, ਉਨ੍ਹਾਂ ਵਿੱਚੋਂ ਇੱਕ ਜਣਾ ਇਸ ਹਫਤੇ ਦੇ ਇੱਕ ਦਿਨ ਸਾਨੂੰ ਮਿਲ ਗਿਆ। ਗੱਲ ਪੰਜਾਂ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੀ ਚੱਲ ਪਈ। ਅਸੀਂ ਇਹ ਪੁੱਛ ਲਿਆ ਕਿ ਪੱਛਮੀ ਬੰਗਾਲ ਦਾ ਕੀ ਬਣੇਗਾ ਤੇ ਉਸ ਨੇ ਕਿਹਾ: 'ਆਸ ਤਾਂ ਬੜੀ ਹੈ ਕਿ ਮਮਤਾ ਬੈਨਰਜੀ ਭਾਜਪਾ ਦੇ ਪੈਰ ਨਹੀਂ ਲੱਗਣ ਦੇਵੇਗੀ'। ਅਸੀਂ ਪੁੱਛਿਆ ਕਿ ਉਸ ਦੇ ਜਿੱਤਣ ਨਾਲ ਤੁਹਾਨੂੰ ਕੀ ਫਾਇਦਾ, ਉਹ ਤਾਂ ਸੱਜ ਪਿਛਾਖੜ ਦੀ ਪ੍ਰਤੀਨਿਧ ਹੈ, ਪਰ ਉਸ ਦਾ ਜਵਾਬ ਇਹ ਸੀ ਕਿ ਗੱਲ ਪਿਛਾਖੜ-ਅਗਾਖੜ ਦੀ ਨਹੀਂ, ਫਿਰਕਾ ਪ੍ਰਸਤੀ ਦਾ ਰਾਹ ਰੋਕਣ ਦੀ ਹੈ। ਅਸੀਂ ਕਿਹਾ ਕਿ ਜਦੋਂ ਭਾਜਪਾ ਵਿਰੋਧੀ ਧਿਰਾਂ ਨੇ ਜੋਤੀ ਬਾਸੂ ਨੂੰ ਪ੍ਰਧਾਨ ਮੰਤਰੀ ਬਣਾਉਣਾ ਮੰਨਿਆ ਸੀ, ਗੱਲ ਓਦੋਂ ਵੀ ਫਿਰਕਾ ਪ੍ਰਸਤੀ ਰੋਕਣ ਦੀ ਸੀ,



ਫਿਰ ਅੱਜ ਵਾਲੀ ਗੱਲ ਓਦੋਂ ਸੋਚ ਲੈਣੀ ਚਾਹੀਦੀ ਸੀ ਅਤੇ ਜਿਸ ਕਾਂਗਰਸ ਨਾਲ ਅੱਜ ਬੰਗਾਲ ਵਿੱਚ ਚੋਣਾਂ ਦੀ ਸਾਂਝ ਪਾਈ ਹੈ, ਉਸ ਨਾਲ ਉਸ ਵੇਲੇ ਸਾਂਝ ਪਾਈ ਹੁੰਦੀ ਤਾਂ ਕਿੰਨਾ ਕੁ ਫਰਕ ਪੈਣਾ ਸੀ! ਕਾਮਰੇਡਾਂ ਕੋਲ ਏਦਾਂ ਦੇ ਮੌਕੇ ਇੱਕੋ ਦਲੀਲ ਵੱਡੀ ਹੁੰਦੀ ਹੈ ਕਿ ਓਦੋਂ ਨਾਲੋਂ ਪ੍ਰਸਥਿਤੀਆਂ ਬਦਲ ਗਈਆਂ ਹਨ। ਉਸ ਨੇ ਵੀ ਇਹੋ ਕਿਹਾ ਸੀ।

ਪਿਛਲੇ ਸਾਲ ਅਕਾਲੀ ਦਲ ਦੇ ਇੱਕ ਉੱਘੇ ਆਗੂ ਨਾਲ ਕਿਸੇ ਵਿਆਹ ਵਿੱਚ ਇਕੱਠੇ ਹੋਣ ਦਾ ਸਬੱਬ ਬਣ ਗਿਆ ਤਾਂ ਅਸੀਂ ਉਨ੍ਹਾਂ ਦੀ ਭਾਜਪਾ ਨਾਲ ਸਾਂਝ ਉੱਤੇ ਕਿੰਤੂ ਕਰਦਾ ਸਵਾਲ ਕੀਤਾ ਸੀ। ਉਸ ਦਾ ਜਵਾਬ ਸੀ ਕਿ ਤੁਹਾਨੂੰ ਪਹਿਲਾਂ ਅਸੀਂ ਅਕਾਲੀ ਫਿਰਕੂ ਲੱਗਿਆ ਕਰਦੇ ਸਾਂ, ਅੱਜਕੱਲ੍ਹ ਭਾਜਪਾ ਤੋਂ ਡਰ ਲੱਗਦਾ ਹੈ, ਨਾ ਕਦੇ ਅਕਾਲੀ ਫਿਰਕੂ ਸਨ ਤੇ ਨਾ ਭਾਜਪਾ ਤੋਂ ਇਸ ਦੇਸ਼ ਦੀ ਕਿਸੇ ਵੀ ਘੱਟ-ਗਿਣਤੀ ਨੂੰ ਹੀ ਕੋਈ ਖਤਰਾ ਹੈ। ਉਸ ਤੋਂ ਕੁਝ ਹਫਤੇ ਬਾਅਦ ਉਨ੍ਹਾਂ ਨੇ ਕੇਂਦਰ ਸਰਕਾਰ ਛੱਡ ਦਿੱਤੀ ਅਤੇ ਉਹੀ ਆਗੂ ਅੱਜਕੱਲ੍ਹ ਭਾਜਪਾ ਦੇ ਫਿਰਕੂਪੁਣੇ ਵਿਰੁੱਧ ਸਭ ਤੋਂ ਵੱਧ ਬਿਆਨ ਜਾਰੀ ਕਰਨ ਲੱਗਾ ਰਹਿੰਦਾ ਹੈ। ਮੈਨੂੰ ਉਸ ਦੇ ਬਿਆਨਾਂ ਵਿੱਚ ਉਸ ਦੇ ਆਪਣੇ ਗੁਨਾਹ ਦਾ ਅਹਿਸਾਸ ਮਹਿਸੂਸ ਹੁੰਦਾ ਹੈ। ਸਿੱਖੀ ਨੂੰ ਬਚਾਉਣ ਲਈ ਉਹ ਅੱਜਕੱਲ੍ਹ ਕੁਝ ਖਾਸ ਚਿੰਤਤ ਹੈ। ਪਿਛਲੇ ਦਿਨੀਂ ਅਚਾਨਕ ਉਸ ਦਾ ਫੋਨ ਆਇਆ ਤੋਂ ਅਸੀਂ ਪਿਛਲੇ ਸਾਲ ਦੀ ਗੱਲ ਚੇਤੇ ਕਰਵਾ ਦਿੱਤੀ ਕਿ ਤੁਸੀਂ ਤਾਂ ਕਹਿੰਦੇ ਸੀ ਕਿ ਭਾਜਪਾ ਤੋਂ ਕੋਈ ਖਤਰਾ ਨਹੀਂ। ਉਸ ਨੇ ਜਵਾਬ ਦਿੱਤਾ ਕਿ ਭਾਜਪਾ ਨਾਲ ਸਾਡੀ ਸਾਂਝ ਹੁੰਦੇ ਤੋਂ ਸਚਮੁੱਚ ਕੋਈ ਖਤਰਾ ਨਹੀਂ ਸੀ, ਸਾਡੀ ਉਸ ਨਾਲ ਸਾਂਝ ਟੁੱਟ ਜਾਣ ਪਿੱਛੋਂ ਭਾਜਪਾ ਦੇ ਆਗੂਆਂ ਨੂੰ ਅੱਖ ਦੀ ਸ਼ਰਮ ਨਹੀਂ ਰਹੀ, ਇਸ ਕਰ ਕੇ ਬਾਕੀ ਘੱਟ-ਗਿਣਤੀਆਂ ਵਾਂਗ ਸਿੱਖਾਂ ਦੇ ਖਿਲਾਫ ਵੀ ਉਨ੍ਹਾਂ ਦਾ ਰੁਖ ਬਦਲ ਗਿਆ ਹੈ। ਹਵਾਈ ਕੁੱਕੜ ਦੇ ਆਪਣੇ ਹਿੱਤ ਕੋਈ ਨਹੀਂ ਹੁੰਦੇ, ਹਵਾ ਦਾ ਰੁਖ ਬਦਲਦੇ ਨਾਲ ਬਦਲ ਜਾਂਦਾ ਹੈ, ਪਰ ਏਦਾਂ ਦੇ ਲੀਡਰ ਉਸ ਹਵਾਈ ਕੁੱਕੜ ਤੋਂ ਵੀ ਭੈੜੇ ਹਨ, ਜਿਹੜੇ ਆਪਣੇ ਹਿੱਤਾਂ ਨੂੰ ਕੌਮ ਦੇ ਹਿੱਤ ਦੱਸਦੇ ਰਹਿੰਦੇ ਹਨ।

ਬੀਤੇ ਹਫਤੇ ਇੱਕ ਵਿਦੇਸ਼ੀ ਸੰਸਥਾ ਨੇ ਭਾਰਤ ਵਿੱਚ ਵਿਚਾਰਾਂ ਦੀ ਆਜ਼ਾਦੀ ਦੇ ਅੰਕੜੇ ਹੋਰ ਹੇਠਾਂ ਡੇਗ ਦਿੱਤੇ ਹਨ ਤੇ ਭਾਰਤ ਸਰਕਾਰ ਇਸ ਤੋਂ ਨਾਰਾਜ਼ ਹੈ। ਵਿਰੋਧੀ ਪਾਰਟੀਆਂ ਕਹਿੰਦੀਆਂ ਹਨ ਕਿ ਗੱਲ ਵਿਦੇਸ਼ੀ ਸੰਸਥਾ ਨੇ ਠੀਕ ਕਹੀ ਹੈ ਤੇ ਭਾਜਪਾ ਨੂੰ ਹਕੀਕਤ ਮੰਨਣੀ ਚਾਹੀਦੀ ਹੈ। ਜਦੋਂ ਉਹ ਵਿਦੇਸ਼ੀ ਸੰਸਥਾ ਦੀ ਰਿਪੋਰਟ ਨੂੰ ਹਕੀਕਤ ਮੰਨ ਕੇ ਭਾਜਪਾ ਦੀ ਲੀਡਰਸ਼ਿਪ ਨੂੰ ਏਦਾਂ ਦੀ ਸਲਾਹ ਦੇਂਦੇ ਹਨ, ਖੁਦ ਉਨ੍ਹਾਂ ਨੂੰ ਵੀ ਕਦੇ ਨਾ ਕਦੇ ਇਹ ਹਕੀਕਤ ਮੰਨਣ ਦੀ ਹਿੰਮਤ ਕਰ ਲੈਣੀ ਚਾਹੀਦੀ ਹੈ ਕਿ ਹਾਲਾਤ ਨੂੰ ਏਥੋਂ ਤੱਕ ਪੁਚਾਉਣ ਵਿੱਚ ਕੁਝ ਹੱਥ ਉਨ੍ਹਾਂ ਦੇ ਗਲਤ ਰਾਜਸੀ ਪੈਂਤੜਿਆਂ ਤੇ ਸੱਤਾ ਜਾਂ ਆਪੋ-ਆਪਣੀ ਚੌਧਰ ਦੀ ਭੁੱਖ ਦਾ ਵੀ ਸੀ। ਅੱਗੇ ਇਹ ਕਿਹਾ ਜਾਂਦਾ ਸੀ ਕਿ ਇਤਿਹਾਸ ਬੜਾ ਬੇਰਹਿਮ ਹੈ ਤੇ ਇਸ ਨੇ ਕਿਸੇ ਦਾ ਵੀ ਲਿਹਾਜ ਨਹੀਂ ਕਰਨਾ, ਸਾਰਾ ਚਿੱਠਾ ਲੋਕਾਂ ਅੱਗੇ ਪੇਸ਼ ਕਰ ਦੇਣਾ ਹੈ, ਪਰ ਇਸ ਵਕਤ ਤਾਂ ਦੇਸ਼ ਦਾ ਇਤਿਹਾਸ ਵੀ ਭਾਰੂ ਧਿਰ ਆਪਣੇ ਪੱਖ ਵਿੱਚ ਬਦਲਣ ਲੱਗੀ ਹੋਈ ਹੈ। ਉਸ ਦੇ ਅੱਗੇ ਯੂਨੀਵਰਸਿਟੀਆਂ ਦੇ ਵੱਡੇ ਸਕਾਲਰ ਅੜਨ ਤੋਂ ਗੁਰੇਜ਼ ਕਰਦੇ ਹਨ ਅਤੇ ਅਦਾਲਤਾਂ ਵਿੱਚ ਬੈਠੇ ਹੋਏ ਜੱਜਾਂ ਦੀ ਇੱਕ ਵੱਡੀ ਗਿਣਤੀ ਉਸ ਦੇ ਇਰਾਦਿਆਂ ਉੱਤੇ ਸਹਿਮਤੀ ਪ੍ਰਗਟ ਕਰਨ ਦੇ ਰਾਹ ਪੈ ਗਈ ਦਿੱਸਣ ਲੱਗ ਪਈ ਹੈ। ਪੰਜਾਂ ਰਾਜਾਂ ਦੀਆਂ ਚੋਣਾਂ ਹੋ ਜਾਣਗੀਆਂ, ਕੁਝ ਥਾਂਈਂ ਭਾਜਪਾ ਨਾਲ ਆਢਾ ਲੈਣ ਵਾਲੀਆਂ ਧਿਰਾਂ ਕਾਮਯਾਬ ਵੀ ਹੋ ਜਾਣ ਤਾਂ ਇਸ ਨੂੰ ਬਹੁਤ ਵੱਡੀ ਪ੍ਰਾਪਤੀ ਨਹੀਂ ਕਿਹਾ ਜਾ ਸਕਦਾ, ਦੇਸ਼ ਜਿਸ ਪਾਸੇ ਚੱਲ ਪਿਆ ਹੈ, ਉਸ ਨੂੰ ਓਧਰਲੇ ਵਹਿਣ ਤੋਂ ਬਚਾਉਣ ਲਈ ਜੋ ਕੁਝ ਕਰਨ ਦੀ ਲੋੜ ਹੈ, ਉਹ ਸੋਚਣਾ ਚਾਹੀਦਾ ਹੈ।

# ਪੰਜ ਵਿਧਾਨ ਸਭਾਵਾਂ ਦੀਆਂ ਚੋਣਾਂ ਦਾ ਪਿੜ ਭਖਿਆ

ਅੱਬਾਸ ਧਾਲੀਵਾਲ ਮਲੇਰਕੋਟਲਾ

ਚੋਣ ਕਮਿਸ਼ਨ ਨੇ ਦੇਸ਼ ਦੇ ਚਾਰ ਵੱਡੇ ਰਾਜਾਂ ਤੇ ਇੱਕ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਵਿਧਾਨ ਸਭਾ ਚੋਣਾਂ ਦਾ ਬਿਗਲ ਵਜਾ ਦਿੱਤਾ ਹੈ। ਜਾਰੀ ਸ਼ਡਿਊਲ ਮੁਤਾਬਕ 27 ਮਾਰਚ ਤੋਂ ਵੋਟਾਂ ਪੈਣ ਦਾ ਕੰਮ ਸ਼ੁਰੂ ਹੋਵੇਗਾ ਅਤੇ ਨਤੀਜੇ 2 ਮਈ ਨੂੰ ਐਲਾਨੇ ਜਾਣਗੇ। ਪੱਛਮੀ ਬੰਗਾਲ ਵਿੱਚ ਅੱਠ ਗੇੜਾਂ ਤੇ ਆਸਾਮ ਵਿੱਚ ਤਿੰਨ ਗੇੜਾਂ ਵਿੱਚ ਵੋਟਾਂ ਪੈਣਗੀਆਂ, ਜਦੋਂ ਕਿ ਤਾਮਿਲ ਨਾਡੂ, ਕੇਰਲ ਅਤੇ ਕੇਂਦਰੀ ਖੇਤਰ ਪੁੱਡੂਚੇਰੀ ਵਿੱਚ ਇੱਕੋ ਦਿਨ ਛੇ ਅਪ੍ਰੈਲ ਨੂੰ ਵੋਟਾਂ ਪੈਣਗੀਆਂ। ਪੱਛਮੀ ਬੰਗਾਲ ਵਿੱਚ 27 ਮਾਰਚ ਨੂੰ ਪੋਲਿੰਗ ਦਾ ਪਹਿਲਾ ਗੇੜ ਹੋਵੇਗਾ ਅਤੇ ਫਿਰ ਪਹਿਲੀ, 6, 10, 17, 22, 26 ਅਤੇ 29 ਅਪ੍ਰੈਲ ਨੂੰ ਵੋਟਾਂ ਪੈਣਗੀਆਂ। ਆਸਾਮ ਵਿੱਚ 27 ਮਾਰਚ ਅਤੇ ਪਹਿਲੀ ਅਤੇ ਛੇ ਅਪ੍ਰੈਲ ਨੂੰ ਵੋਟਾਂ ਪੈਣਗੀਆਂ।

ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਦੀਆਂ 294 ਸੀਟਾਂ ਹਨ, ਤਾਮਿਲ ਨਾਡੂ ਵਿੱਚ 235, ਕੇਰਲ ਵਿੱਚ 140, ਆਸਾਮ ਵਿੱਚ 126 ਅਤੇ ਪੁੱਡੂਚੇਰੀ ਵਿੱਚ 30 ਸੀਟਾਂ। ਇਸ ਵਾਰ ਚੋਣਾਂ ਵਿੱਚ ਸਭ ਤੋਂ ਸਖਤ ਮੁਕਾਬਲਾ ਪੱਛਮੀ ਬੰਗਾਲ ਵਿੱਚ ਹੋ ਸਕਦਾ ਹੈ, ਜਿੱਥੇ ਹੁਕਮਰਾਨ ਤ੍ਰਿਣਮੂਲ ਕਾਂਗਰਸ, ਭਾਜਪਾ ਅਤੇ ਖੱਬੀਆਂ ਪਾਰਟੀਆਂ ਅਤੇ ਕਾਂਗਰਸ ਦੇ ਗਠਜੋੜ ਵਿਚਾਲੇ ਤਿਕੋਣੀ ਟੱਕਰ ਹੈ। ਇਨ੍ਹਾਂ ਚੋਣਾਂ ਵਿੱਚ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਜਿੱਥੇ ਹੈਟ੍ਰਿਕ ਮਾਰਨ ਦੀ ਫਿਰਾਕ ਵਿੱਚ ਹੈ, ਉਥੇ ਖੱਬੀਆਂ ਪਾਰਟੀਆਂ ਤੇ ਕਾਂਗਰਸ ਗਠਜੋੜ ਆਪਣੀ ਗੁਆਚੀ ਹੋਂਦ ਨੂੰ ਬਹਾਲ ਕਰਨ ਲਈ ਮੈਦਾਨ ਵਿੱਚ ਉਤਰੇਗਾ ਅਤੇ ਭਾਜਪਾ ਦਾ ਉਦੇਸ਼ ਮਮਤਾ ਬੈਨਰਜੀ ਨੂੰ ਪਛਾੜ ਕੇ ਖੁਦ ਪੱਛਮੀ ਬੰਗਾਲ ਵਿੱਚ ਸੱਤਾ 'ਤੇ ਬਿਰ-ਾਜਮਾਨ ਹੋਣਾ ਹੋਵੇਗਾ। ਤਾਮਿਲ ਨਾਡੂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਪੁੱਡੂਚੇਰੀ ਵਿੱਚ ਕਾਂਗਰਸ ਅਤੇ ਡੀ ਐਮ ਕੇ ਅਤੇ ਖੱਬੀਆਂ ਪਾਰਟੀਆਂ ਦਾ ਗਠਜੋੜ ਪਹਿਲਾਂ ਹੀ ਬਣਿਆ ਹੈ, ਪਰ ਇਸ ਵਾਰ ਤਾਮਿਲ ਨਾਡੂ ਵਿੱਚ ਕਾਂਗਰਸ ਅਤੇ ਡੀ ਐਮ ਕੇ ਵਿੱਚ ਸੀਟਾਂ ਬਾਰੇ ਪੇਚ ਫਸ ਕੇ ਗੱਲ ਸਿਰੇ ਚੜ੍ਹ ਗਈ ਹੈ।

ਆਸਾਮ ਵਿੱਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵਿੱਚ ਸ਼ਾਮਲ ਬੋਡੋਲੈਂਡ ਪੀਪਲਜ਼ ਫਰੰਟ (ਬੀ ਪੀ ਐੱਫ) ਵੀ ਕਾਂਗਰਸ ਦੇ ਗਠਜੋੜ ਨਾਲ ਰਲ ਗਿਆ ਹੈ। ਇਸ ਬਾਰੇ ਬੀ ਪੀ ਐੱਫ ਦੇ ਪ੍ਰਧਾਨ ਹਗਰਾਮਾ ਮੋਹੀਲਾਰੀ ਦਾ ਕਹਿਣਾ ਹੈ ਕਿ ਅਮਨ, ਏਕਤਾ ਤੇ ਵਿਕਾਸ ਲਈ ਕੰਮ ਕਰਨ ਅਤੇ ਆਸਾਮ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰ ਕੇ ਪਾਇਦਾਰ ਸਰਕਾਰ ਦੇਣ ਲਈ ਉਨ੍ਹਾਂ ਇਹ ਫੈਸਲਾ ਕੀਤਾ ਹੈ। ਅਸਲ ਵਿੱਚ ਬੀ ਪੀ ਐਫ ਨੇ ਭਾਜਪਾ ਦਾ ਸਾਥ ਨਾਗਰਿਕਤਾ ਸੋਧ ਕਾਨੂੰਨ ਕਾਰਨ ਛੱਡਿਆ ਹੈ। ਮਾਹਰਾਂ ਦਾ ਕਹਿਣਾ ਹੈ ਕਿ ਬੀ ਪੀ ਐਫ ਦੇ ਮਹਾਂ ਗਠਜੋੜ ਵਿੱਚ ਸ਼ਾਮਲ ਹੋਣ ਨਾਲ ਨਤੀਜੇ ਕਾਫੀ ਅਸਰ ਅੰਦਾਜ਼ ਹੋ ਸਕਦੇ ਹਨ। ਓਥੇ ਰਾਸ਼ਟਰੀ ਜਨਤਾ ਦਲ ਵੀ ਆ ਗਿਆ ਹੈ। ਕਾਂਗਰਸੀ ਆਗੂ ਪ੍ਰਧਯੁਤ ਬੋਰਦੋਲੋਈ ਦਾ ਕਹਿਣਾ ਹੈ ਕਿ ਸਾਡੇ ਪੁਰਾਣੇ ਸਾਥੀ ਨਾਲ ਆ ਰਹੇ ਹਨ ਤੇ ਸਾਫ ਦਿਖਾਈ ਦੇ ਰਿਹਾ ਹੈ ਕਿ ਹਵਾ ਕਿਸ ਪਾਸੇ ਵਹਿ ਰਹੀ ਹੈ। ਭਾਜਪਾ ਇਸ ਵਾਰ ਆਸਾਮ ਗਣ ਪ੍ਰੀਸ਼ਦ ਅਤੇ ਯੂਨਾਈਟਿਡ ਪੀਪਲਜ਼ ਪਾਰਟੀ ਲਿਬਰਲ ਨਾਲ ਮਿਲ ਕੇ ਚੋਣ ਮੈਦਾਨ ਵਿੱਚ ਹੈ।

ਇਨ੍ਹਾਂ ਚੋਣਾਂ ਵਿੱਚ ਸਭ ਦੀ ਨਜ਼ਰ ਪੱਛਮੀ ਬੰਗਾਲ ਉਤੇ ਹੈ, ਕਿਉਂਕਿ ਇਸ ਸੂਬੇ ਵਿੱਚ ਜਿੱਥੇ ਭਾਜਪਾ ਪਿਛਲੇ ਕਈ ਮਹੀਨਿਆਂ ਤੋਂ ਤਿਆਰੀ ਵਿੱਚ ਰੁੱਝੀ ਹੈ, ਉਥੇ ਟੀ ਐੱਮ ਸੀ ਦੀ ਮੁਖੀ ਅਤੇ ਮੁੱਖ ਮੰਤਰੀ ਮਮਤਾ ਬੈਨਰਜੀ ਵੀ ਆਪਣੀ ਜਿੱਤ ਯਕੀਨੀ ਬਣਾਉਣ ਲਈ ਪੂਰੀ ਵਾਹ ਲਾ ਰਹੀ ਹੈ। ਪੱਛਮੀ ਬੰਗਾਲ ਵਿੱਚ 35 ਸਾਲ ਤੱਕ ਹਕੂਮਤ ਕਰਨ ਵਾਲੀਆਂ ਕਮਿਊਨਿਸਟ ਪਾਰਟੀਆਂ ਇਸ ਸੂਬੇ ਵਿੱਚ ਸਾਰਾ ਤਾਣ ਲਾ ਕੇ ਨਾਲ ਜੁਟੀਆਂ ਹਨ। ਇਸੇ ਰਣਨੀਤੀ ਹੇਠ ਅਸੈਂਬਲੀ ਚੋਣਾਂ ਦੇ ਐਲਾਨ ਤੋਂ ਬਾਅਦ ਖੱਬੀਆਂ ਪਾਰਟੀਆਂ, ਕਾਂਗਰਸ ਅਤੇ ਇੰਡੀਅਨ ਸੈਕੂਲਰ ਫਰੰਟ ਦੇ ਗਠਜੋੜ ਨੇ ਬੀਤੇ ਦਿਨੀਂ ਇੱਥੇ ਬ੍ਰਿਗੇਡ ਮੈਦਾਨ ਵਿੱਚ ਰੈਲੀ ਕਰ ਕੇ ਆਪਣੀ ਤਾਕਤ ਦਾ ਪ੍ਰਦਰਸ਼ਨ ਕੀਤਾ ਹੈ। ਮਾਰਕਸੀ ਪਾਰਟੀ ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ ਨੇ ਦਾਅਵਾ ਕੀਤਾ ਕਿ ਰੈਲੀ ਵਿੱਚ 10 ਲੱਖ ਲੋਕ ਸ਼ਾਮਲ ਹੋਏ ਸਨ। ਉਨ੍ਹਾਂ ਇਹ ਵੀ ਕਿਹਾ, 'ਇਸ ਵਾਰ ਚੋਣਾਂ ਵਿੱਚ ਸਾਡੀਆਂ ਵੋਟਾਂ ਵਧਣਗੀਆਂ ਤੇ ਅਸੀਂ ਜਿੱਤਾਂਗੇ।'' ਯੇਚੁਰੀ ਨੇ ਇਹ ਵੀ ਕਿਹਾ ਕਿ ਜਿਵੇਂ ਸਿੰਘੂ ਬਾਰਡਰ 'ਤੇ ਕਿਸਾਨ ਮੋਦੀ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਡਟੇ ਹੋਏ ਹਨ, ਉਸੇ ਤਰ੍ਹਾਂ ਇੱਥੇ ਅਸੀਂ ਕਰ ਸਕਦੇ ਹਾਂ। ਇਸ ਮੌਕੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਤੇ ਕਾਂਗਰਸ ਆਗੂ ਭੂਪੇਸ਼ ਬਘੇਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਸੁਭਾਸ਼ ਚੰਦਰ ਬੋਸ ਦੀ ਜੈਅੰਤੀ ਮਨਾਉਣ ਆਉਂਦੇ ਹਨ, ਪਰ ਉਨ੍ਹਾਂ ਨੂੰ ਆਪਣਾ ਇਤਿਹਾਸ ਪੜ੍ਹਨਾ ਚਾਹੀਦਾ ਹੈ। ਵੀਰ ਸਾਵਰਕਰ ਨੂੰ ਮੰਨਣ ਵਾਲੇ ਬੋਸ ਦੇ ਵਾਰਸ ਨਹੀਂ ਬਣ ਸਕਦੇ। ਕਾਂਗਰਸ ਆਗੂ ਅਧੀਰ ਰੰਜਨ ਚੌਧਰੀ ਨੇ ਲੋਕਾਂ ਨੂੰ ਮਮਤਾ ਬੈਨਰਜੀ ਸਰਕਾਰ ਹਟਾ ਕੇ ਗਠਜੋੜ ਦੀ ਸਰਕਾਰ ਲਿਆਉਣ ਲਈ ਸੱਦਾ ਦਿੱਤਾ। ਫਰੰਟ ਦੇ ਪ੍ਰਧਾਨ ਪੀਰਜ਼ਾਦਾ ਅੱਬਾਸ ਸਿੱਦੀਕੀ ਨੇ ਕਿਹਾ ਕਿ ਬੰਗਾਲ ਨੂੰ ਬਚਾਉਣ ਲਈ ਉਹ ਖੂਨ ਦੇਣ ਨੂੰ ਵੀ ਤਿਆਰ ਹਨ।

ਇਸੇ ਦੌਰਾਨ ਕੋਲਕਾਤਾ ਦੀ ਰੈਲੀ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਮਤਾ ਬੈਨਰਜੀ 'ਤੇ ਦੋਸ਼ ਲਾਇਆ ਕਿ 'ਮਮਤਾ ਦੀਦੀ' ਨੇ ਬੰਗਾਲ ਦਾ ਵਿਸ਼ਵਾਸ ਤੋੜਿਆ ਹੈ, ਜਿਸ ਕਾਰਨ ਇਥੇ ਪ੍ਰੀਵਰਤਨ ਜ਼ਰੂਰੀ ਹੈ। ਜਵਾਬ ਵਿੱਚ ਬੀਬੀ ਬੈਨਰਜੀ ਨੇ ਕਿਹਾ ਕਿ ਤਬਦੀਲੀ ਦਿੱਲੀ ਵਿੱਚ ਹੋਵੇਗੀ, ਬੰਗਾਲ ਵਿੱਚ ਨਹੀਂ। ਕੁੱਲ ਮਿਲਾ ਕੇ ਪਿਛਲੇ ਸਮੇਂ ਤੋਂ ਜਿਵੇਂ ਦੇਸ਼ ਵਿੱਚ ਪੈਟਰੋਲ ਡੀਜ਼ਲ ਤੇ ਗੈਸ ਸਿਲੰਡਰ ਦੀਆਂ ਕੀਮਤਾਂ ਦਾ ਵਾਧਾ ਹੋਇਆ ਤੇ ਇਸ ਮਹਿੰਗਾਈ ਦੇ ਦੌਰ ਵਿੱਚ ਗਰੀਬੀ ਦੀ ਮਾਰ ਝੱਲ ਰਹੇ ਲੋਕਾਂ ਦਾ ਜਿਊਣਾ ਮੁਹਾਲ ਹੋਇਆ ਹੈ, ਉਸ ਨੇ ਮੱਧ ਵਰਗ ਦੀ ਹਾਲਤ ਖਰਾਬ ਕਰ ਕੇ ਰੱਖ ਦਿੱਤੀ ਹੈ।

ਦੂਜੇ ਪਾਸੇ ਪਿਛਲੇ ਕਈ ਮਹੀਨਿਆਂ ਤੋਂ ਜਿਸ ਪ੍ਰਕਾਰ ਕਿਸਾਨ ਆਪਣੀਆਂ ਮੰਗਾਂ ਬਾਰੇ ਦਿੱਲੀ ਦੀਆਂ ਬਰੂਹਾਂ 'ਤੇ ਡਟੇ ਹੋਏ ਹਨ ਅਤੇ ਮਹਾਂ ਪੰਚਾਇਤਾਂ ਰਾਹੀਂ ਨਵੇਂ ਖੇਤੀ ਕਾਨੂੰਨਾਂ ਖਿਲਾਫ ਅਤੇ ਐੱਮ ਐੱਸ ਪੀ ਆਦਿ ਬਾਰੇ ਕਾਨੂੰਨ ਬਾਰੇ ਜਾਗਰੂਕਤਾ ਪੈਦਾ ਕਰ ਰਹੇ ਹਨ, ਉਸ ਨਾਲ ਕਿਸਾਨਾਂ ਦਾ ਅੰਦੋਲਨ ਨਿਰਸੰਦੇਹ ਪੂਰੇ ਦੇਸ਼ ਵਿੱਚ ਆਪਣੇ ਪੈਰ ਪਸਾਰਦਾ ਜਾ ਰਿਹਾ ਹੈ, ਜਿਸ ਦਾ ਭਾਜਪਾ ਨੂੰ ਕਾਫੀ ਨੁਕਸਾਨ ਹੋਣ ਦੇ ਕਿਆਸ ਲੱਗਦੇ ਹਨ। ਮੋਦੀ ਸਰਕਾਰ ਦੀਆਂ ਨੀਤੀਆਂ ਵਿਰੁੱਧ ਲੋਕਾਂ ਵਿੱਚ ਜੋ ਰੋਹ ਇਸ ਸਮੇਂ ਵੇਖਣ ਨੂੰ ਮਿਲ ਰਿਹਾ ਹੈ, ਉਸ ਦੀ ਮਿਸਾਲ ਪਿਛਲੇ ਸੱਤ ਸਾਲਾਂ ਦੌਰਾਨ ਨਹੀਂ ਮਿਲਦੀ। ਪਿਛਲੇ ਦਿਨੀਂ ਪੰਜਾਬ ਦੀਆਂ ਮਿਊਂਸਪਲ ਚੋਣਾਂ ਅਤੇ ਫਿਰ ਦਿੱਲੀ ਐਮ ਸੀ ਡੀ ਦੀਆਂ ਜ਼ਿਮਨੀ ਚੋਣਾਂ 'ਚ ਭਾਜਪਾ ਦਾ ਜਿਸ ਤਰ੍ਹਾਂ ਪੱਤਾ ਸਾਫ ਹੋਇਆ, ਉਸ ਤੋਂ ਪਾਰਟੀ ਪ੍ਰਤੀ ਜਨਤਾ ਵਿੱਚ ਪਾਏ ਜਾਂਦੇ ਰੋਸੇ ਦਾ ਅੰਦਾਜ਼ਾ ਲੱਗ ਸਕਦਾ ਹੈ। ਜੇ ਭਾਜਪਾ ਆਪਣੀ ਡਿੱਗਦੀ ਸਾਖ ਬਚਾਉਣਾ ਚਾਹੁੰਦੀ ਹੈ ਤਾਂ ਉਸ ਨੂੰ ਆਪਣੀ ਸਰਕਾਰ ਦੀਆਂ ਨੀਤੀਆਂ 'ਤੇ ਵਿਚਾਰ ਕਰ ਕੇ ਇਨ੍ਹਾਂ ਵਿਚਲੀਆਂ ਊਣਤਾਈਆਂ ਨੂੰ ਦੂਰ ਕਰਨਾ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਫੌਰਨ ਦੂਰ ਕਰਨ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ। ਨਹੀਂ ਤਾਂ ਹਾਕਮ ਜਮਾਤ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜਮਹੂਰੀਅਤ ਵਿੱਚ ਜੇ ਲੋਕ ਕਿਸੇ ਨੂੰ ਫਰਸ਼ ਤੋਂ ਅਰਸ਼ 'ਤੇ ਪਹੁੰਚਾ ਸਕਦੇ ਹਨ ਤਾਂ ਉਹੀ ਲੋਕ ਅਰਸ਼ ਤੋਂ ਫਰਸ 'ਤੇ ਵੀ ਪਟਕਾ ਸਕਦੇ ਹਨ।

# ਉਨ੍ਹਾਂ ਦਿਨਾਂ ਦੀ ਗੱਲ

-ਡਾਕਟਰ ਅਵਤਾਰ ਸਿੰਘ ਪਤੰਗ

ਮੇਰਾ ਪਿੰਡ ਅੱਜ ਤੋਂ ਪੰਜਾਹ ਸਾਲ ਪਹਿਲਾਂ ਦੀ ਪੇਂਡੂ ਰਹਿਤਲ ਵਾਲੇ ਪੰਜਾਬ ਦਾ ਹਿਸਾ ਸੀ। ਉਦੋਂ ਸ਼ਹਿਰਾਂ ਤੋਂ ਪਿੰਡਾਂ ਤੱਕ ਪੱਕੀਆਂ ਲਿੰਕ ਰੋਡ ਨਹੀਂ ਸੀ ਹੁੰਦੀਆਂ। ਮਿੱਟੀ ਅਤੇ ਭੁੱਬਲ ਭਰੇ ਸੜਕਨੁਮਾ ਗੋਹਰ ਹੁੰਦੇ ਸਨ। ਸਾਡੇ ਪਿੰਡ ਤੋਂ ਸ਼ਹਿਰ ਜਾਣ ਲਈ ਦਸ ਮੀਲ ਦੀ ਧੂੜ ਭਰੀ ਸੜਕ (ਗੋਹਰ) ਵੀ ਕੱਚੀ ਸੀ। ਸ਼ਹਿਰ ਜਾਣ ਦਾ ਲੋਕਾਂ ਕੋਲ ਕੋਈ ਸਾਧਨ ਨਹੀਂ ਸੀ। ਸ਼ਹਿਰ ਗਿਆ ਬੰਦਾ ਜਿੰਨਾ ਮਰਜ਼ੀ ਬਚਣ ਦੀ ਕੋਸ਼ਿਸ਼ ਕਰੇ, ਸ਼ਾਮੀਂ ਘਰ ਸਿਰ ਵਿੱਚ ਖੇਹ ਪੁਆ ਕੇ ਆਉਂਦਾ ਸੀ। ਕਿਸੇ ਵਿਰਲੇ-ਟਾਵੇਂ ਕੋਲ ਸਾਈਕਲ ਹੁੰਦਾ ਸੀ। ਸਾਈਕਲ ਵਾਲਾ ਰੋਹਬ ਪਾਉਣ ਨੂੰ ਪੈਦਲ ਤੁਰੇ ਜਾਂਦੇ ਰਾਹਗੀਰਾਂ ਕੋਲੋਂ ਲੰਘਦਾ ਪੂਰੇ ਜ਼ੋਰ ਨਾਲ ਟੱਲੀ ਵਜਾ ਕੇ ਜਾਂਦਾ। ਉਂਝ ਸ਼ਹਿਰ ਨੂੰ ਇੱਕ ਬਸ ਜਾਂਦੀ ਸੀ, ਜਿਸ ਨੂੰ ਲੋਕ ਲਾਰੀ ਕਹਿੰਦੇ ਸਨ। ਇਹ ਲਾਰੀ ਚਲਦੀ ਘੱਟ ਤੇ ਖੜ੍ਹੀ ਜ਼ਿਆਦਾ ਰਹਿੰਦੀ ਸੀ। ਇਸ ਦਾ ਡਰਾਈਵਰ ਮੁਕੰਦਾ (ਮੁਕੰਦ ਸਿੰਘ) ਦੁਖੀ ਹੋਇਆ ਅਕਸਰ ਕਹਿੰਦਾ, ''ਇਸ ਦਾ ਹਾਰਨ ਤੋਂ ਬਿਨਾਂ ਬਾਕੀ ਸਭ ਕੁਝ ਵੱਜਦਾ ਹੈ।'' ਲਾਰੀ ਦੇ ਆਉਣ-ਜਾਣ ਦਾ ਕੋਈ ਟਾਈਮ ਤੇ ਕੋਈ ਦਿਨ ਨਿਸ਼ਚਿਤ ਨਹੀਂ ਸੀ ਹੁੰਦਾ। ਇਹ ਸਭ ਕੁਝ ਇਸ ਦੇ ਡਰਾਈਵਰ ਦੇ ਹੱਥ-ਵੱਸ ਹੁੰਦਾ ਸੀ।

ਪਿੰਡ ਵਿੱਚ ਉਦੋਂ ਬਿਜਲੀ ਨਹੀਂ ਆਈ ਸੀ। ਲੋਕ ਘਰਾਂ ਵਿੱਚ ਮਿੱਟੀ ਦੇ ਤੇਲ ਜਾਂ ਸਰ੍ਹੋਂ ਦੇ ਤੇਲ ਦੀ ਦੀਵੇ ਬਾਲਦੇ ਸਨ। ਦੀਵੇ ਨੂੰ ਜ਼ਰਾ ਉੱਚਾ ਰੱਖਣ ਲਈ ਦੀਵਟ (ਇੱਕ ਲੰਮੀ ਜਿਹੀ ਲੱਕੜ ਦੀ ਡੰਡੀ ਦੇ ਉੱਤੇ ਦੀਵੇ ਦੇ ਆਕਾਰ ਦਾ ਪਲੇਟਫਾਰਮ) ਹੁੰਦੀ ਸੀ। ਦੀਵੇ ਦੀ ਲੋਅ ਇੰਨੀ ਮੱਧਮ ਹੁੰਦੀ ਸੀ ਕਿ ਰੋਟੀ ਖਾਣ ਵਾਲੇ ਨੂੰ ਇਹ ਨਹੀਂ ਸੀ ਪਤਾ ਲੱਗਦਾ ਕਿ ਕੌਲੀ ਵਿੱਚ ਦਾਲ ਹੈ ਜਾਂ ਸਬਜ਼ੀ। ਉਨ੍ਹਾਂ ਦਿਨਾਂ ਵਿੱਚ ਭਾਰਤ ਪਾਕਿਸਤਾਨ ਦੀ ਜੰਗ ਲੱਗ ਗਈ। ਸਰਕਾਰ ਨੇ ਬਲੈਕ ਆਊਟ ਦੇ ਹੁਕਮ ਕਰ ਦਿੱਤੇ। ਮਿੱਟੀ ਦਾ ਤੇਲ ਵੀ ਮਿਲਣਾ ਬੰਦ ਹੋ ਗਿਆ। ਮਜਬੂਰਨ ਲੋਕ ਦਰਵਾਜ਼ੇ ਬੰਦ ਕਰ ਕੇ ਚੁੱਲ੍ਹਿਆਂ ਵਿੱਚ ਅੱਗ ਬਾਲ ਕੇ ਰਾਤ ਦਾ ਰੋਟੀ-ਟੁੱਕ ਕਰਦੇ ਅਤੇ ਨਾਲ ਇਸੇ ਲੋਅ ਨਾਲ ਘਰ ਦੇ ਜ਼ਰੂਰੀ ਕੰਮ ਨਿਪਟਾ ਲੈਂਦੇ। ਜੇ ਕਿਸੇ ਘਰ ਵਿੱਚੋਂ ਥੋੜ੍ਹੀ ਲੋਅ ਬਾਹਰ ਆਉਂਦੀ ਤਾਂ ਪਿੰਡ ਦਾ ਚੌਕੀਦਾਰ ਉਚੀ ਆਵਾਜ਼ ਮਾਰ ਕੇ ਘਰ ਵਾਲਿਆਂ ਨੂੰ ਚਿਤਾਵਨੀ ਦਿੰਦਾ।

ਸਾਡੇ ਘਰ ਦੇ ਨਾਲ ਤਾਈ ਬੰਸੀ ਦਾ ਘਰ ਸੀ। ਰਾਤ ਵੇਲੇ ਉਹ ਵਿਹੜੇ ਵਿੱਚ ਬਣੇ ਮਿੱਟੀ ਦੇ ਚੁੱਲ੍ਹੇ ਵਿੱਚ ਰੋਟੀ ਟੁੱਕ ਲਈ ਅੱਗ ਦਾ ਭਾਂਬੜ ਬਾਲ ਲੈਂਦੀ ਸੀ। ਇੱਕ ਦਿਨ ਅਸੀਂ ਇਕੱਠੇ ਹੋ ਕੇ ਤਾਈ ਬੰਸੀ ਨੂੰ ਸਮਝਾਉਣ ਗਏ, ''ਦੇਖ ਤਾਈ, ਗੁੱਸਾ ਨਾ ਕਰੀਂ। ਤੈਨੂੰ ਪਤੈ ਲੜਾਈ ਲੱਗੀ ਹੋਈ ਐ। ਜਿੱਥੇ ਜ਼ਰਾ ਜਿੰਨੀ ਵੀ ਲੋਅ ਦਿਸਦੀ ਐ ਪਾਕਿਸਤਾਨ ਦਾ ਜਹਾਜ਼ ਉਥੇ ਆ ਬੰਬ ਮਾਰਦੈ। ਤੁਸੀਂ ਰਾਤ ਨੂੰ ਵਿਹੜੇ ਵਿੱਚ ਚੁੱਲ੍ਹਾ ਬਾਲ ਦਿੰਦੇ ਓ, ਥੋੜੇ ਕਰ ਕੇ ਕਿਤੇ ਸਾਰੇ ਪਿੰਡ ਦੀ ਜਾਹ-ਜਾਂਦੀ ਨਾ ਹੋ ਜਾਵੇ।'' ਅਜੇ ਸਾਡੀ ਗੱਲ ਪੂਰੀ ਨਹੀਂ ਸੀ ਹੋਈ ਕਿ ਤਾਈ ਬੰਸੀ ਛਿੜ ਪਈ, ''ਮੈਂ ਲਾਹੌਰ ਜੰਮੀ, ਉਥੇ ਈ ਉਡਾਰੂ ਹੋਈ, ਚੌਧਰੀ ਨੰਦ ਕਿਸ਼ੋਰ ਮੇਰਾ ਬਾਪ ਲਾਹੌਰ ਦਾ ਕਹਿੰਦਾ-ਕਹਾਉਂਦਾ ਠੇਕੇਦਾਰ ਸੀ। ਦਸ ਵਿਘੇ ਜ਼ਮੀਨ ਤੇ ਕਿੱਲ੍ਹੇ ਵਰਗੀ ਹਵੇਲੀ ਛੱਡ ਕੇ ਇਧਰ ਆਏ ਸੀ ਅਸੀਂ ਲਾਹੌਰੋਂ। ਨਾ ਆਪਣੀ ਧੀ ਦੇ ਘਰ 'ਤੇ ਬੰਬ ਮਾਰਨਗੇ ਲਾਹੌਰ ਆਲੇ। ਐਡਾ ਮੁਲਖ ਪਿਐ, ਜਿੱਥੇ ਮਰਜ਼ੀ ਮਾਰ ਲੈਣ ਬੰਬ। ਐਂ ਕਹੋ ਬਈ ਮੇਰੇ ਘਰ ਦੋ ਵੇਲੇ ਚੁੱਲ੍ਹਾ ਬਲਦਾ ਜਰਿਆ ਨੀਂ ਜਾਂਦਾ ਸ਼ਰੀਕਾਂ ਕੋਲੋਂ। ਰੋਟੀ ਪੱਕਦੀ ਦਾ ਸੱਲ ਐ ਥੋਨੂੰ।'' ਕੁਝ ਦਿਨਾਂ ਬਾਅਦ ਪਾਕਿਸਤਾਨ ਨਾਲ ਲੜਾਈ ਖਤਮ ਹੋ ਗਈ, ਪਰ ਤਾਈ ਬੰਸੀ ਨਾਲ ਸਾਡੀ ਲੜਾਈ ਵਰ੍ਹੋ-ਵਰ੍ਹੀ ਚਲਦੀ ਰਹੀ।

ਸਾਡੇ ਪਿੰਡ ਇੱਕ ਮਿਡਲ ਸਕੂਲ ਸੀ। ਡੇਢ ਕੁ ਸੌ ਵਿਦਿਆਰਥੀਆਂ ਦੇ ਇਸ ਸਕੂਲ ਵਿੱਚ ਸਿਰਫ ਪੰਜ ਅਧਿਆਪਕ ਸਨ। ਦੋ ਸਿੱਖ, ਜਿਨ੍ਹਾਂ ਨੂੰ ਪਿੰਡ ਵਾਲੇ ਅਤੇ ਵਿਦਿਆਰਥੀ ਗਿਆਨੀ ਮਾਹਟਰ ਕਹਿੰਦੇ ਸਨ। ਦੋ ਅਧਿਆਪਕ ਕਲੀਨ ਸ਼ੇਵਨ ਸਨ, ਜਿਨ੍ਹਾਂ ਨੂੰ ਸ਼ਰਮੇਂ ਮਾਹਟਰ ਕਹਿੰਦੇ ਸਨ। ਇੱਕ ਅਧਿਆਪਕਾ ਨੂੰ ਭੈਣ ਜੀ ਕਹਿੰਦੇ ਸਨ। ਵਿਦਿਆਰਥੀਆਂ ਦੀ ਕੋਈ ਵਰਦੀ ਨਹੀਂ ਸੀ ਹੁੰਦੀ। ਸਰਦੀਆਂ ਦੇ ਦਿਨਾਂ ਵਿੱਚ ਵਿਦਿਆਰਥੀਆਂ ਨੂੰ ਮੈਲੀ-ਕੁਚੈਲੀ ਖੇਸੀ ਦੀ ਬੁੱਕਲ ਮਾਰ ਕੇ ਆਉਣ ਦੀ ਪੂਰੀ ਖੁੱਲ੍ਹ ਸੀ। ਨਹਾਉਣਾ-ਧੋਣਾ ਅਤੇ ਬੁਰਸ਼ ਕਰਨਾ ਉਦੋਂ ਕਿਸੇ ਹੋਰ ਮੁਲਕ ਦੀਆਂ ਗੱਲਾਂ ਸਨ। ਸਾਰੇ ਅਧਿਆਪਕ ਅਕਸਰ ਖਾਲੀ ਪੇਟ ਆਉਂਦੇ ਸਨ ਕਿਉਂਕਿ ਉਨ੍ਹਾਂ ਦੇ ਨਾਸ਼ਤੇ ਅਤੇ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਕਰਨਾ ਵਿਦਿਆਰਥੀਆਂ ਦੀ ਨੈਤਿਕ ਜ਼ਿੰਮੇਵਾਰੀ ਹੁੰਦੀ ਸੀ। ਜ਼ਿਆਦਾਤਰ ਬੱਚੇ ਅੱਠਵੀਂ ਕਰ ਕੇ ਆਪੋ ਆਪਣੇ ਕੰਮਾਂ-ਕਾਰਾਂ ਵਿੱਚ ਲੱਗ ਜਾਂਦੇ ਸਨ। ਜੇ ਕਿਸੇ ਨੇ ਉਚੇਰੀ ਸਿੱਖਿਆ (ਮੈਟ੍ਰਿਕ ਪਾਸ) ਕਰਨੀ ਹੁੰਦੀ ਤਾਂ ਉਸ ਨੂੰ ਦਸ ਕੋਹ ਦੂਰ ਸ਼ਹਿਰ ਜਾਣਾ ਪੈਂਦਾ ਸੀ। ਕਾਲਜ ਤਾਂ ਤੀਹ ਮੀਲ ਦੂਰ ਰੋਪੜ ਸ਼ਹਿਰ ਵਿੱਚ ਸੀ। ਉਥੇ ਤੱਕ ਪਹੁੰਚਣਾ ਕਿਸੇ ਮਾਈ ਦੇ ਲਾਲ ਦਾ ਹੀ ਕੰਮ ਸੀ।

ਉਸ ਵੇਲੇ ਮੈਂ ਪਿੰਡ ਵਿੱਚ ਮਹਾਂ ਵਿਦਵਾਨ ਸੀ, ਕਿਉਂਕਿ ਮੈਂ ਆਪਣੀ ਉਚੇਰੀ ਸਿੱਖਿਆ (ਮੈਟ੍ਰਿਕ) ਸ਼ਹਿਰੋਂ ਪ੍ਰਾਪਤ ਕਰ ਕੇ ਆਇਆ ਸੀ। ਮੇਰੇ ਬਰਾਬਰ ਦਾ ਵਿਦਵਾਨ ਨੇੜੇ-ਤੇੜੇ ਦੇ ਪਿੰਡਾਂ ਵਿੱਚ ਵੀ ਕੋਈ ਨਹੀਂ ਸੀ। ਪਿੰਡ ਦੀਆਂ ਨਵੀਆਂ ਵਿਆਹੀਆਂ ਔਰਤਾਂ ਵੇਲਾ-ਕੁਵੇਲਾ ਦੇਖ ਕੇ ਸੱਸਾਂ ਤੋਂ ਚੋਰੀ ਬਾਹਰ ਕਮਾਈ ਕਰਨ ਗਏ ਆਪਣਿਆਂ ਘਰ ਵਾਲਿਆਂ ਨੂੰ ਮੇਰੇ ਕੋਲੋਂ ਚਿੱਠੀਆਂ ਲਿਖਵਾਉਂਦੀਆਂ। ਇਸੇ ਬਹਾਨੇ ਆਪਣੀਆਂ ਸੱਸਾਂ ਅਤੇ ਨਨਾਣਾਂ ਦੀਆਂ ਚੁਗਲੀਆਂ ਵੀ ਕਰ ਜਾਂਦੀਆਂ ਸਨ। ਇੱਕ ਦਿਨ ਪਿੰਡ ਵਿੱਚ ਇੱਕ ਤਾਰ (ਟਾਲਾਗਰਅਮ) ਆਈ। ਉਦੋਂ ਤਾਰ ਹੱਥ ਨਾਲ ਲਿਖੀ ਹੁੰਦੀ ਸੀ ਜਿਸ ਨੂੰ ਪੜ੍ਹਨਾ ਬਹੁਤ ਔਖਾ ਹੁੰਦਾ ਸੀ। ਪਿੰਡ ਵਿੱਚ ਮੈਥੋਂ ਸਿਵਾ ਹੋਰ ਕੋਈ ਅੰਗਰੇਜ਼ੀ ਪੜ੍ਹਨਾ ਨਹੀਂ ਸੀ ਜਾਣਦਾ। ਘਰ ਵਾਲਿਆਂ ਨੇ ਅੱਧੀ ਰਾਤ ਨੂੰ ਮੇਰਾ ਦਰਵਾਜ਼ਾ ਆ ਭੰਨਿਆ। ਤਾਰ ਵਿੱਚ ਲਿਖਿਆ ਸੀ "ਟਹਰ ਸਏਗ੍ਰੋਸਿ ਚੋਮਏ ਸੋਨ''। ਮੈਂ ਕਿਹਾ ''ਭਾਈ ਇਸ ਵਿੱਚ ਲਿਖਿਆ ਕਿ ਥੋਡੀ ਮਾਂ ਖਤਰਨਾਕ ਹੈ, ਜਲਦੀ ਪਹੁੰ-ਚੋ।'' ਉਹ ਸੁਣ ਕੇ ਸਾਰੇ ਹੱਕੇ-ਬੱਕੇ ਰਹਿ ਗਏ। ਬੇਬੇ ਦੀ ਨੂੰਹ ਕਹਿੰਦੀ, ''ਬੇਬੇ ਕਦੇ ਉਚੀ ਨ੍ਹੀਂ ਬੋਲੀ ਕਿਸੇ ਨੂੰ, ਉਹ ਖਤਰਨਾਕ ਕਾਹਤੇ ਹੋ ਗਈ।'' ਜਦੋਂ ਘਰ ਵਾਲਿਆਂ ਨੂੰ ਅਸਲੀਅਤ ਦਾ ਪਤਾ ਲੱਗਾ ਤਾਂ ਮੇਰੀ ਵਿਦਵਤਾ ਦੀ ਪੋਲ ਖੁੱਲ੍ਹ ਗਈ। ਸਾਡੇ ਪਿੰਡ ਦਾ ਸਰਪੰਚ ਮੰਗਲ ਸਿੰਘ ਉਂਝ ਅਨਪੜ੍ਹ ਸੀ, ਪਰ ਗੁਰਮੁਖੀ ਵਿੱਚ ਆਪਣੇ ਦਸਖਤ ਕਰ ਲੈਂਦਾ ਸੀ। ਉਹ ਆਪਣਾ ਨਾਮ ਲਿਖਣ ਤੋਂ ਪਹਿਲਾਂ ਲਕੀਰ ਮਾਰ ਲੈਂਦਾ ਤੇ ਮੰਗਲ ਦਾ ਸੰਗਲ ਬਣ ਜਾਂਦਾ ਸੀ। ਇਸੇ ਤਰ੍ਹਾਂ ਪਿੰਡ ਦੀ ਇੱਕ ਪੰਚਣੀ, ਜਿਸ ਦਾ ਨਾਮ ਰਾਧਾ ਰਾਣੀ ਸੀ, ਜਦੋਂ ਉਹ ਆਪਣਾ ਨਾਮ ਲਿਖਦੀ 'ਰ' ਦਾ ਕੰਨਾਂ ਪੂਰਾ ਖਿੱਚ ਦਿੰਦੀ ਸੀ ਤੇ ਉਹ ਰਾਧਾ ਦੀ ਥਾਂ ਗਧਾ ਰਾਣੀ ਲਿਖ ਜਾਂਦੀ। ਜਦੋਂ ਮੈਂ ਕੁਝ ਸਮੇਂ ਬਾਅਦ ਐੱਮ ਏ ਕੀਤੀ ਤਾਂ ਇਹੋ ਸਰਪੰਚ ਮੈਨੂੰ ਵਧਾਈ ਦੇ ਕੇ ਕਹਿਣ ਲੱਗਾ, ''ਸ਼ਾਬਾਸ਼ ਕਾਕਾ! ਹਟੀਂ ਨਾ ਪੜ੍ਹਨ ਤੋਂ। ਲੱਗਦੇ ਹੱਥ ਬੀ ਏ ਵੀ ਕਰ ਲੈ...।'' ਭੋਲੇ ਲੋਕ ਸਨ। ਬਾਹਰਲੀ ਦੁਨੀਆ ਕਿੱਥੇ ਵੱਸਦੀ ਹੈ, ਉਨ੍ਹਾਂ ਨੂੰ ਨਹੀਂ ਸੀ ਪਤਾ।

1970 ਵਿੱਚ ਪੰਜਾਬ ਸਰਕਾਰ ਨੇ ਉਨ੍ਹਾਂ ਸਾਰੇ ਪਿੰਡਾਂ ਨੂੰ ਬਿਜਲੀ ਦੇਣ ਦਾ ਫੈਸਲਾ ਕੀਤਾ ਜਿੱਥੇ ਅਜੇ ਬਿਜਲੀ ਨਹੀਂ ਸੀ ਪਹੁੰਚੀ। ਸਾਡੇ ਪਿੰਡ ਇੱਕ ਦਿਨ ਬਿਜਲੀ ਵਿਭਾਗ ਦੇ ਕੁਝ ਕਰਮਚਾਰੀ ਆਏ। ਉਨ੍ਹਾਂ ਕਿਹਾ ਕਿ ਜੇ ਪਿੰਡ ਦੇ ਘੱਟੋ-ਘੱਟ ਪੰਦਰਾਂ ਘਰ ਬਿਜਲੀ ਕੁਨੈਕਸ਼ਨ ਦੀ ਮੰਗ ਕਰਨਗੇ ਤਾਂ ਬਿਜਲੀ ਜਾਵੇਗੀ। ਅਸੀਂ ਘਰੋਂ-ਘਰੀ ਫਾਰਮ ਭਰਾਉਣ ਗਏ, ਪਰ ਸਾਨੂੰ ਖਾਲੀ ਹੱਥ ਮੁੜਨਾ ਪਿਆ। ਲੋਕਾਂ ਨੇ ਆਪੋ-ਆਪਣੀਆਂ ਦਲੀਲਾਂ ਦੇ ਕੇ ਸਾਨੂੰ ਨਿਰੁੱਤਰ ਕਰ ਦਿੱਤਾ। ਬਚਨ ਕੌਰ ਦੇ ਘਰ ਗਏ ਫਾਰਮ ਲੈ ਕੇ ਅੱਗੋਂ ਉਹ ਬੋਲੀ, ''ਨਾ, ਜਿਹੜੇ ਸਾਡੇ ਸਿਆਣੇ ਜੱਦੀ ਪੁੱਸਤੀਂ ਦੀਵੇ ਬਾਲਦਤ ਆਏ ਐ, ਉਹ ਪਾਗਲ ਤੇ...? ਦੀਵਾ ਬਲਦੈ ਸੰਝਾਂ ਨੂੰ, ਤੇਲ ਸੜਦੈ, ਸੌ ਇੱਲ-ਬਿੱਲ ਭੱਜਦੀ ਐ ਘਰ ਤੋਂ। ਨਾਲੇ ਦੇਵੀ-ਦੇਵਤਾ ਖੁਸ਼ ਹੁੰਦੈ। ਲੁਦੇਹਾਣੇ ਮੇਰੀ ਭੈਣ ਦੇ ਘਰ ਲੱਗੀ ਐ ਬਿਜਲੀ। ਮੇਰਾ ਜੀਜਾ ਲਾਟੂ ਲਾਣ ਚੜ੍ਹਿਆ ਮੇਜ਼ 'ਤੇ ਖੜ੍ਹ ਕੇ, ਪਟਕਾ ਕੇ ਥੱਲੇ ਮਾਰਿਆ ਧਰਤੀ 'ਤੇ। ਇੱਕ ਦਿਨ ਮੇਰੀ ਭੈਣ ਕੱਪੜੇ ਸੁੱਕਣੇ ਪਾਣ ਲੱਗੀ ਰੱਸੀ 'ਤੇ, ਕਿਤੋਂ ਕਰੰਟ ਆ ਗਿਆ ਰੱਸੀ 'ਚ। ਨਾਲ ਈ ਲਟਕ ਗਈ ਤੋਰੀ ਆਂਗੂ, ਉਥੇ ਅਰਾਟਾਂ ਪਾਵੇ। ਨਾ ਪੁੱਤ ਅਸੀਂ ਜੋੜੇ ਹੱਥ। ਅਸੀਂ ਐਂ ਈ ਚੰਗੇ।'' ਕਈਆਂ ਨੇ ਅਜਿਹੀ ਵਿਦਵਤਾ ਝਾੜੀ। ਖੈਰ! ਕੁਝ ਸਮੇਂ ਬਾਅਦ ਇਨ੍ਹਾਂ ਨੂੰ ਆਪੇ ਅਕਲ ਆ ਗਈ ਅਤੇ ਸਾਰੇ ਪਿੰਡ ਵਿੱਚ ਬਿਜਲੀ ਲੱਗ ਗਈ।

ਉਨ੍ਹਾਂ ਦਿਨਾਂ ਵਿੱਚ ਸਿਹਤ ਵਾਲਾ ਵਿਭਾਗ ਵੱਲੋਂ ਨਹੀਂ, ਲੋਕਾਂ ਵੱਲੋਂ ਹੀ ਚਲਾਇਆ ਜਾਂਦਾ ਸੀ। ਪਿੰਡ ਵਿੱਚ ਕੋਈ ਡਿਸਪੈਂਸਰੀ ਜਾਂ ਹਸਪਾਤਲ ਨਹੀਂ ਸੀ ਹੁੰਦਾ। ਲੋਕ ਆਪਣਾ ਇਲਾਜ ਆਪਣੀ ਸਮਝ ਅਨੁਸਾਰ ਘਰੇਲੂ ਨੁਸਖਿਆਂ ਨਾਲ ਕਰਦੇ ਸਨ। ਖੰਘ, ਬੁਖਾਰ ਲਈ ਲੌਂਗ, ਲੈਚੀ, ਅਜਵਾਇਣ ਦਾ ਕਾੜ੍ਹਾ, ਹੱਡ ਗੋਡੇ ਦੁਖਣ 'ਤੇ ਆਦੇ (ਅਦਰਕ) ਦਾ ਸਲੂਣਾ। ਜੇ ਦਰਦ ਵੱਧ ਹੋਵੇ ਤਾਂ ਮਘ ਭੁੰਨ ਕੇ ਖਾ ਲੈਣੀ। ਕਬਜ਼ ਲਈ ਗਰਮ ਦੁੱਧ ਨਾਲ ਗੁਲਕੰਦ ਜਾਂ ਹਰੜ ਦਾ ਮੁਰੱਬਾ। ਜੇ ਜਲਾਬ ਲੱਗ ਜਾਣ ਤਾਂ ਦਹੀਂ ਵਿੱਚ ਈਸਬਗੋਲ ਦੀ ਫੱਕ, ਸਾਧਾਰਨ ਪੇਟ ਦਰਦ ਲਈ ਅਜਵਾਇਣ ਦੀ ਤਲੀ ਆਦਿ। ਕੁਝ ਬਿਮਾਰੀਆਂ (ਨੂੰ ਦਾ ਡੰਗ ਜਾਂ ਨਿਆਣੇ ਦੀ ਝਾਕ) ਦਾ ਇਲਾਜ ਪਿੰਡ ਦੇ 'ਸਿਆਣਿਆਂ' ਵੱਲੋਂ ਝਾੜ-ਫੂਕ ਅਤੇ 'ਮੰਤਰ ਥੈਰੇਪੀ' ਨਾਲ ਵੀ ਕੀਤਾ ਜਾਂਦਾ ਸੀ। ਕਿਸੇ ਐਮਰਜੈਂਸੀ ਨਾਲ ਨਜਿੱਠਣ ਲਈ ਅਗਲੇ ਪਿੰਡ ਵਿੱਚ ਪੰਨਾ ਲਾਲ ਹਕੀਮ ਦਾ ਦਵਾਖਾਨਾ ਸੀ। ਮਰੀਜ਼ ਕਿਸੇ ਵੀ ਮਰਜ਼ ਦਾ ਹੋਵੇ, ਹਕੀਮ ਜੀ ਦੇ ਡਾਇਗਨੋਜ਼ ਦਾ ਢੰਗ ਇੱਕੋ ਸੀ। ਮਰੀਜ਼ ਦੀ ਨਬਜ਼ ਦੇਖ ਕੇ ਉਸ ਨੂੰ ਕਹਿਣਾ, 'ਪਿੱਤ ਬਾਏ ਦਾ ਝਗੜਾ ਐ, ਕੱਲ੍ਹ ਆਉਣਾ ਸਵੇਰ ਦਾ ਕਰੂਰਾ ਲੈ ਕੇ।'' ਅਗਲੇ ਦਿਨ ਉਸ ਨੇ ਕਰੂਰੇ ਵਾਲੀ ਬੋਤਲ ਨੂੰ ਉਪਰ ਕਰ ਕੇ ਸੂਰਜ ਦੀ ਰੌਸ਼ਨੀ ਵਿੱਚ ਦੇਖ ਕੇ ਕਹਿਣਾ, ''ਪਿੱਤੇ 'ਚ ਗਰਮੀ ਐ, ਹੱਡਾਂ 'ਚ ਪਾਣੀ ਵੀ ਐ ਤੇ ਰਗਤ (ਐਲਰਜੀ) ਦੀ ਸ਼ਕੈਤ ਵੀ ਐ, ਮੈਂ ਇੱਕ ਸਾਤੇ (ਹਫਤੇ) ਦੀਆਂ ਚੌਦਾਂ ਪੁੜੀਆਂ ਦੇਣ ਲੱਗਾਂ। ਸਵੇਰੇ ਸ਼ਾਮ ਨੇਮ ਨਾਲ ਖਾਣੀਂ ਐ ਭਾਈ, ਕੋਸੇ ਪਾਣੀ ਨਾਲ।'' ਹਰ ਮਰੀਜ਼ ਆਉਣ-ਜਾਣ ਵੇਲੇ ਹਕੀਮ ਜੀ ਦੇ ਪੈਰੀਂ ਹੱਥ ਲਾਉਂਦਾ। ਹਕੀਮ ਪੰਨਾ ਲਾਲ ਕਿਸੇ ਕੋਲੋਂ ਦਵਾਈ ਦਾ ਕੋਈ ਪੈਸਾ ਨਹੀਂ ਸੀ ਲੈਂਦਾ। ਵੱਡੇ ਤੋਂ ਵੱਡਾ ਟੈਸਟ ਸਿਰਫ ਇੱਕ ਐਕਸਰੇਅ ਹੁੰਦਾ ਸੀ, ਉਹ ਵੀ ਸਿਰਫ ਵੱਡੇ ਸ਼ਹਿਰਾਂ ਵਿੱਚ। ਡਾਕਟਰ ਜਿਸ ਨੂੰ ਐਕਸਰੇਅ ਕਰਵਾਉਣ ਦੀ ਸਲਾਹ ਦਿੰਦਾ, ਉਹ ਮਰੀਜ਼ ਪਹਿਲਾਂ ਹੀ ਰੋਣ ਲੱਗ ਪੈਂਦਾ ਸੀ ਤੇ ਜ਼ਿੰਦਗੀ ਦੀ ਆਸ ਛੱਡ ਦਿੰਦਾ ਸੀ। ਜੇ ਹਕੀਮ ਜੀ ਦੀਆਂ ਪੁੜੀਆਂ ਕੰਮ ਨਾ ਕਰਨ ਤਾਂ ਸ਼ਹਿਰੋਂ ਡਾਕਟਰ ਮੰਗਵਾਇਆ ਜਾਂਦਾ ਸੀ। ਡਾਕਟਰ ਆਪਣੇ ਰਾਜਦੂਤ ਮੋਟਰ ਸਾਈਕਲ 'ਤੇ ਆਉਂਦਾ ਸੀ। ਪਿੰਡ ਦੇ ਸਾਰੇ ਨਿਆਣੇ ਸਿਆਣੇ ਡਾਕਟਰ ਦਾ ਮੋਟਰ ਸਾਈਕਲ ਦੇਖਣ ਲਈ ਕੋਠਿਆਂ 'ਤੇ ਚੜ੍ਹ ਜਾਂਦੇ ਸਨ।

ਉਨ੍ਹਾਂ ਦਿਨਾਂ ਵਿੱਚ ਜਨ-ਜੀਵਨ ਸਹਿਜ ਸੁਭਾਅ ਚਲਦਾ ਸੀ। ਕਿਸੇ ਵੀ ਕੰਮ ਵਿੱਚ ਕੋਈ ਉਚੇਚ ਨਹੀਂ ਸੀ ਕੀਤਾ ਜਾਂਦਾ। ਵਿਆਹ ਸ਼ਾਦੀ ਅਤੇ ਜੰਮਣ-ਮਰਨ ਦੀਆਂ ਰਸਮਾਂ ਰੀਤਾਂ ਵਿੱਚ ਸੰਜਮ ਵਰਤਿਆ ਜਾਂਦਾ ਸੀ। ਜੇ ਕਿਸੇ ਦੀ ਮੌਤ ਹੋ ਜਾਂਦੀ ਤਾਂ ਦੋ ਡੰਗ ਕਿਸੇ ਘਰ ਚੁੱਲ੍ਹਾ ਨਹੀਂ ਸੀ ਬਲਦਾ। ਜੇ ਵਿਆਹ ਹੁੰਦਾ ਤਾਂ ਸਾਰੇ ਪਿੰਡ ਨੂੰ ਚੁੱਲ੍ਹਾ ਨਿਉਂਦਾ ਹੁੰਦਾ ਸੀ। ਦੁੱਖ-ਸੁੱਖ, ਲੈਣ-ਦੇਣ, ਵਾਧਾ-ਘਾਟਾ ਸਭ ਕੁਝ ਲੋਕ ਆਪਸ ਵਿੱਚ ਵੰਡ ਲੈਂਦੇ ਸਨ।

ਅੱਜ ਪਿੰਡ ਵੀ ਉਹੀ ਹੈ ਅਤੇ ਗਲੀਆਂ ਵੀ ਉਹੀ, ਪਰ ਪੀੜ੍ਹੀਆਂ ਬਦਲ ਗਈਆਂ ਹਨ, ਜ਼ਮਾਨਾ ਬਦਲ ਗਿਆ ਹੈ। ਆਲਾ ਦੁਆਲਾ, ਪੌਣ ਪਾਣੀ, ਰੀਤੀ ਰਿਵਾਜ ਸਭ ਬਦਲ ਗਿਆ ਹੈ।

## ਹਲਕਾ ਫੁਲਕਾ

ਸਵੇਰੇ ਸਵੇਰੇ ਪਤਨੀ ਨੀਂਦ ਤੋਂ ਉਠਦਿਆਂ ਹੀ ਬੋਲੀ, ''ਮੈਂ ਕਿਹਾ ਜੀ ਸੁਣਦੇ ਹੋ?''

ਪਤੀ, ''ਦੱਸ ਭਾਗਵਾਨੇ, ਕੀ ਹੋਇਆ?''

ਪਤਨੀ, ''ਮੈਨੂੰ ਸੁਫਨਾ ਆਇਆ ਕਿ ਤੁਸੀਂ ਮੇਰੇ ਲਈ ਹੀਰਿਆਂ ਦਾ ਹਾਰ ਲੈ ਕੇ ਆਏ ਹੋ।''

ਪਤੀ, ''ਠੀਕ ਹੈ, ਤਾਂ ਵਾਪਸ ਸੌਂ ਜਾ ਅਤੇ ਪਹਿਨ ਲੈ।''

*********

ਮੁੰਡ ਬੱਸ ਵਿੱਚ ਬਹੁਤ ਦੇਰ ਤੱਕ ਕੁੜੀ ਵੱਲ ਦੇਖਦਾ ਰਿਹਾ ਅਤੇ ਫਿਰ ਨੇੜੇ ਜਾ ਕੇ ਬੋਲਿਆ, ''ਆਈ ਲਵ ਯੂ।''

ਕੁੜੀ, ''ਸੂਰਤ ਨੂੰ ਵੀ ਦੇਖਿਆ ਹੈ ਕਦੇ?''

ਮੁੰਡਾ, ''ਨਹੀਂ, ਮੈਂ ਤਾਂ ਬਸ ਅਹਿਮਦਾਬਾਦ ਤੱਕ ਗਿਆ ਹਾਂ, ਸੂਰਤ ਕਦੇ ਗਿਆ ਹੀ ਨਹੀਂ, ਦੇਖਾਂਗੇ ਕਿਵੇਂ?''

*********

ਪਤਨੀ, ''ਇਸ ਨਰਕ ਵਿੱਚ ਤੇਰੀ ਗੁਲਾਮੀ ਕਰਦੀ-ਕਰਦੀ ਮੈਂ ਤੰਗ ਆ ਗਈ ਹਾਂ। ਲੱਗਦਾ ਹੈ ਕਿ ਪਿਛਲੇ ਜਨਮ ਵਿੱਚ ਮੈਂ ਬਹੁਤ ਮਾੜੇ ਕਰਮ ਕੀਤੇ ਹੋਣਗੇ।''

ਪਤੀ, ''....ਤਾਂ ਇਸ ਵਾਰੀ ਚੰਗੇ ਕਰਮ ਕਰ ਲੈ। ਪੇਕਿਆਂ ਨੂੰ ਜਾ ਅਤੇ ਮੇਰੇ ਘਰ ਨੂੰ ਸਵਰਗ ਬਣਾ ਦੇ।''

ਅਖੰਡ ਪਾਠਾਂ ਦੀ ਬੁਕਿੰਗ ਵਿੱਚ ਘਪਲਾ :

# ਹਰਿਮੰਦਰ ਸਾਹਿਬ ਦਾ ਐਡੀਸ਼ਨਲ ਮੈਨੇਜਰ ਤੇ ਸੇਵਾਦਾਰ ਸਸਪੈਂਡ

* ਮੁੱਖ ਮੈਨੇਜਰ ਨੂੰ ਪੰਜਾਹ ਹਜ਼ਾਰ ਰੁਪਏ ਜੁਰਮਾਨਾ

ਅੰਮ੍ਰਿਤਸਰ, 14 ਮਾਰਚ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲਸੈਕਟਰੀ ਹਰਜਿੰਦਰ ਸਿੰਘ ਧਾਮੀ ਨੇ ਹਰਿਮੰਦਰ ਸਾਹਿਬ ਦੇ ਐਡੀਸ਼ਨਲ ਮੈਨੇਜਰ ਤੇ ਇੱਕ ਸੇਵਾਦਾਰ ਨੂੰ ਅਖੰਡ ਪਾਠਾਂ ਦੀ ਬੁਕਿੰਗਦੀਘਪਲੇ ਦੇ ਦੋਸ਼ ਵਿੱਚ ਸਸਪੈਂਡ ਕਰ ਦਿੱਤਾ ਅਤੇ ਮੁੱਖ ਮੈਨੇਜਰ ਨੂੰ ਇਸੇ ਦੋਸ਼ ਹੇਠ ਪੰਜਾਹ ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ। ਬੀਬੀ ਜਗੀਰ ਕੌਰ ਵੱਲੋਂ ਸ਼੍ਰੋਮਣੀ ਦੀ ਪ੍ਰਧਾਨਗੀ ਸੰਭਾਲਣ ਪਿੱਛੋਂ ਨਵੇਂ ਪ੍ਰਬੰਧ ਦੇ ਨਤੀਜੇ ਆਉਣ ਲੱਗ ਪਏ ਹਨ। ਪਿਛਲੇ ਦਿਨੀਂ ਇੱਕ ਸ਼ਰਧਾਲੂ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਲਿਖਤੀ ਸ਼ਿਕਾਇਤ ਕਰਨ ਪਿੱਛੋਂ ਜਾਂਚ ਦੀ ਰਿਪੋਰਟ ਬਾਰੇ ਕਮੇਟੀ ਦੇ ਜਨਲਰ ਸੈਕਟਰੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਅਖੰਡ ਪਾਠਾਂ ਦੀ ਬੁਕਿੰਗ ਵੇਲੇ ਲਈ ਰਾਸ਼ੀ ਦੀ ਰਸੀਦ ਕੱਟੀ ਗਈ, ਪਰ ਉਸ ਨੂੰ ਰਜਿਸਟਰ ਵਿੱਚ ਦਰਜ ਨਹੀਂ ਕੀਤਾ ਗਿਆ, ਜਿਸ ਲਈ ਜਨਰਲਸੈਕਟਰੀ ਨੇ ਦਰਬਾਰ ਸਾਹਿਬ ਦੇ ਐਡੀਸ਼ਨਲ ਮੈਨੇਜਰ ਰਾਜਿੰਦਰ ਸਿੰਘ ਉਰਫ ਰੂਬੀ ਤੇ ਉਨ੍ਹਾਂ ਦਾ ਇੱਕ ਸੇਵਾਦਾਰ ਸਸਪੈਂਡ ਕਰਨ ਦੇ ਨਾਲ ਹੀਐਡੀਸ਼ਨਲ ਮੈਨੇਜਰ ਦਾ ਤਬਾਦਲਾ ਤਖਤ ਕੇਸਗੜ੍ਹ ਸਾਹਿਬ, ਆਨੰਦਪੁਰ ਸਾਹਿਬ ਦਾ ਕਰ ਦਿੱਤਾ ਹੈ। ਜਨਰਲਸੈਕਟਰੀ ਨੇ ਦੱਸਿਆ ਕਿ ਇਸ ਕੇਸ ਵਿੱਚ ਸ਼ਾਮਲ ਹਰਿਮੰਦਰ ਸਾਹਿਬ ਦੇ ਮੁੱਖ ਮੈਨੇਜਰ ਮੁਖਤਾਰ ਸਿੰਘ ਨੂੰ ਪੰਜਾਹ ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ ਹੈ। ਜਨਰਲਸੈਕਟਰੀ ਧਾਮੀ ਨੇ ਦੱਸਿਆ ਕਿ ਕੋਈ ਵੀ ਮੁਲਾਜ਼ਮ ਗੜਬੜੀ ਕਰਾ ਪਾਇਆ ਜਾਂਦਾ ਹੈ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ।ਦੂਸਰੇ ਪਾਸੇ ਐਡੀਸ਼ਨਲ ਮੈਨੇਜਰ ਰਾਜਿੰਦਰ ਸਿੰਘ ਰੂਬੀ ਨੇ ਦੱਸਿਆ ਕਿ ‘ਇਸ ਕੇਸ ਵਿੱਚ ਮੈਂ ਨਿਰਦੋਸ਼ ਹਾਂ, ਮੈਨੂੰ ਤਾਂ ਬਲੀ ਦਾ ਬਕਰਾ ਬਣਾਇਆ ਗਿਆ ਹੈ। ਸ਼ਿਕਾਇਤਕਰਤਾ ਵੱਲੋਂ ਕੀਤੀ ਜਾਂਚ ਫਿਰ ਤੋਂ ਹੋਵੇ, ਕਿਉਂਕਿ ਮੈਂ ਕੋਈ ਵੀ ਗਲਤ ਕੰਮ ਨਹੀਂ ਕੀਤਾ, ਮੈਂ ਜਾਂਚ ਵਿੱਚ ਪੂਰਾ ਸਹਿਯੋਗ ਦੇਣ ਨੂੰ ਤਿਆਰ ਹਾਂ।’

# ਪਿਸਤੌਲ ਦਿਖਾ ਕੇ 17 ਸਾਲਾ ਲੜਕੀ ਕੀਤੀ ਅਗਵਾ

ਐਸ ਏ ਐਸ ਨਗਰ, 14 ਮਾਰਚ (ਪੋਸਟ ਬਿਊਰੋ)- ਥਾਣਾ ਸੋਹਾਣਾ ਦੇ ਪਿੰਡ ਕੰਡਾਲਾ ਵਿਖੇ ਇੱਕ ਸਵਿਫਟ ਕਾਰ ਵਿੱਚ ਆਏ ਚਾਰ ਨੌਜਵਾਨਾਂ ਨੇ ਦਿਨ ਦਿਹਾੜੇ ਫਿਲਮੀ ਅੰਦਾਜ਼ ਵਿੱਚ ਇੱਕ ਘਰ ਵਿੱਚ ਵੜ ਕੇ ਪਿਸਤੌਲ ਦੀ ਨੋਕ ਉੱਤੇ 17 ਸਾਲਾ ਨਾਬਾਲਗ ਲੜਕੀ ਨੂੰ ਅਗਵਾ ਕਰ ਲਿਆ। ਰੌਲਾ ਪੈਣ ਉੱਤੇ ਪਿੰਡ ਦੇ ਲੋਕਾਂ ਨੇ ਸਵਿਫਟ ਕਾਰ ਵਿੱਚ ਆਏ ਨੌਜਵਾਨਾਂ ਦਾ ਦੋ ਕਿਲੋਮੀਟਰ ਤੱਕ ਪਿੱਛਾ ਕੀਤਾ, ਫਿਰ ਵੀ ਉਹ ਫਰਾਰ ਹੋਣ ਵਿੱਚ ਸਫਲ ਹੋ ਗਏ।

ਅਗਵਾ ਹੋਈ ਲੜਕੀ ਦੇ ਪਿਤਾ ਅਮਰੀਕ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਹ ਪਰਵਾਰ ਨਾਲ ਪਿੰਡ ਕੰਡਾਲਾ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਹੈ। ਸਵੇਰੇ ਤਿੰਨ ਨੌਜਵਾਨ ਕੋਰੀਅਰ ਬੁਆਏ ਬਣ ਕੇ ਉਸ ਦੇ ਘਰ ਆਏ ਅਤੇ ਉਨ੍ਹਾਂ ਦਾ ਚੌਥਾ ਸਾਥੀ ਗੁਰਦੁਆਰਾ ਸਾਹਿਬ ਕੋਲ ਕਾਰ ਵਿੱਚ ਬੈਠਾ ਰਿਹਾ। ਤਿੰਨਾਂ ਨੌਜਵਾਨਾਂ ਨੇ ਜਦੋਂ ਡੋਰ ਬੈਲ ਵਜਾਈ ਤਾਂ ਉਸ ਦੀ ਪਤਨੀ ਨੇ ਦਰਵਾਜ਼ਾ ਖੋਲ੍ਹਣ ਤੋਂ ਪਹਿਲਾਂ ਪੁੱਛਿਆ, ਕੌਣ ਹੈ। ਨੌਜਵਾਨਾਂ ਨੇ ਕਿਹਾ ਕਿ ਤੁਹਾਡਾ ਕੋਰੀਅਰ ਆਇਆ ਹੈ। ਉਸ ਦੀ ਪਤਨੀ ਨੇ ਜਦੋਂਦਰਵਾਜ਼ਾ ਖੋਲ੍ਹਿਆ ਤਾਂ ਇੱਕ ਨੌਜਵਾਨ, ਜਿਸ ਦੇ ਹੱਥ ਵਿੱਚ ਪਿਸਤੌਲ ਸੀ, ਨੇ ਉਸ ਦੀ ਪਤਨੀ ਉੱਤੇ ਪਿਸਤੌਲ ਤਾਣ



ਦਿੱਤੀ। ਇਸੇ ਦੌਰਾਨ ਉਨ੍ਹਾਂ ਦੀ ਛੋਟੀ ਬੇਟੀ ਨੇ ਛੱਤ ਉੱਤੇ ਚੜ੍ਹ ਕੇ ਰੌਲਾ ਪਾ ਦਿੱਤਾ ਤੇ ਜਦੋਂ ਪਿੰਡ ਦੇਲੋਕ ਇਕੱਠੇ ਹੋਣ ਲੱਗੇ ਤਾਂ ਉਕਤ ਨੌਜਵਾਨਾਂ ਨੇ ਉਨ੍ਹਾਂ ਦੀ ਬੇਟੀ ਨੂੰ ਜ਼ਬਰਦਸਤੀ ਗੱਡੀ ਵਿੱਚ ਬਿਠਾ ਲਿਆ ਤੇ ਫਰਾਰ ਹੋ ਗਏ। ਅਮਰੀਕ ਸਿੰਘ ਨੇ ਦੱਸਿਆ ਕਿ ਜਿਨ੍ਹਾਂ ਨੌਜਵਾਨਾਂ ਨੇ ਉਸ ਦੀ ਨਾਬਾਲਗ ਲੜਕੀ ਨੂੰ ਅਗਵਾ ਕੀਤਾ, ਉਨ੍ਹਾਂ ਵਿੱਚ ਮੋਗੇ ਦਾ ਰਾਜਾ ਨਾਂਅ ਦਾ ਲੜਕਾ ਸ਼ਾਮਲ ਹੈ। ਉਸ ਨੇ ਦੱਸਿਆ ਕਿ ਉਸ ਦੀ ਬੇਟੀ 12ਵੀਂ ਕਲਾਸ ਦੀ ਵਿਦਿਆਰਥਣ ਹੈ, ਜਿਸ ਦੀ ਰਾਜਾ ਨਾਂਅ ਦੇ ਨੌਜਵਾਨ ਨਾਲ ਕੁਝ ਮਹੀਨੇ ਪਹਿਲਾਂ ਇੰਸਟਾਗ੍ਰਾਮ ਉੱਤੇ ਦੋਸਤੀ ਹੋਈ ਸੀ। ਅਮਰੀਕ ਸਿੰਘ ਅਨੁਸਾਰ ਕੁਝ ਦਿਨ ਪਹਿਲਾਂ ਉਨ੍ਹਾਂ ਨੂੰ ਆਪਣੀ ਬੇਟੀ ਦੀ ਦੋਸਤੀ ਸਬੰਧੀ ਪਤਾ ਚੱਲ ਗਿਆ ਸੀ, ਜਿਸ ਕਾਰਨ ਉਨ੍ਹਾਂ ਨੇ ਤਿੰਨ-ਚਾਰ ਦਿਨ ਪਹਿਲਾਂ ਉਸ ਦਾ ਮੋਬਾਈਲ ਖੋਹ ਲਿਆ, ਪਰ ਰਾਜਾ ਉਸ ਦੀ ਪਤਨੀ ਦੇ ਨੰਬਰ ਉੱਤੇ ਫੋਨ ਕਰਨ ਲੱਗ ਪਿਆ ਤੇ ਉਸ ਦੀ ਬੇਟੀ ਨੂੰ ਘਰੋਂ ਚੁੱਕਣ ਦੀਆਂ ਧਮਕੀਆਂ ਦੇਣ ਲੱਗ ਪਿਆ ਸੀ।

ਥਾਣਾ ਸੋਹਾਣਾ ਦੇ ਐਸ ਐਚ ਓ ਭਗਵੰਤ ਸਿੰਘ ਦਾ ਕਹਿਣਾ ਹੈ ਕਿ ਗੰਨ ਪੁਆਇੰਟ ਉੱਤੇ ਲੜਕੀ ਨੂੰ ਅਗਵਾ ਕਰਨ ਵਰਗੀ ਕੋਈ ਗੱਲ ਨਹੀਂ। ਉਨ੍ਹਾਂ ਕਿਹਾ ਕਿ ਲੜਕੀ ਆਪਣੀ ਮਰਜ਼ੀ ਨਾਲ ਕਾਰ ਵਿੱਚ ਗਈ ਹੈ, ਕਿਉਂਕਿ ਮੋਗੇ ਦੇ ਵਸਨੀਕ ਰਾਜਾ ਨਾਲ ਉਸ ਦੀ ਦੋਸਤੀ ਸੀ। ਲੜਕੀ ਦੀ ਮਾਂ ਇਸ ਵਿਆਹ ਤੋਂ ਨਾਂਹ ਕਰਦੀ ਸੀ। ਪੁਲਸ ਨੇ ਲੜਕੀ ਦੇ ਪਿਤਾ ਦੀ ਸ਼ਿਕਾਇਤ ਉੱਤੇ ਰਾਜਾ ਸਮੇਤ ਚਾਰ ਨੌਜਵਾਨਾਂ ਖਿਲਾਫ ਕੇਸ ਦਰਜ ਕਰ ਲਿਆ ਹੈ।

# ਕਰੋੜਾਂ ਦੇ ਫਰਾਡ ਦਾ ਦੋਸ਼ੀ ਵੈਸਟਰਨ ਹੋਮਜ਼ ਦਾ ਡਾਇਰੈਕਟਰ ਸਲੂਜਾ ਗ੍ਰਿਫਤਾਰ



ਖਰੜ, 14 ਮਾਰਚ (ਪੋਸਟ ਬਿਊਰੋ)- ਪਿਛਲੇ ਕਈ ਸਾਲਾਂ ਤੋਂ ਲੋਕਾਂ ਨਾਲ ਜ਼ਮੀਨ ਦੀ ਖਰੀਦੋ ਫਰੋਖਤ ਦੌਰਾਨ ਧੋਖਾਧੜੀ ਕਰਨ ਵਾਲੇ ਅਤੇ ਵੱਖ-ਵੱਖ ਮਾਮਲਿਆਂ ਵਿੱਚ ਭਗੌੜੇ ਚੱਲ ਰਹੇ ਵੈਸਟਰਨ ਹੋਮਜ਼ ਦੇ ਡਾਇਰੈਕਟਰ ਸੁਰਿੰਦਰ ਸਲੂਜਾ ਨੂੰ ਕੱਲ੍ਹ ਸਥਾਨਕ ਪੁਲਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ। ਇਸ ਬਾਰੇ ਥਾਣਾ ਸਿਟੀ ਦੇ ਇੰਚਾਰਜ ਦਲਜੀਤ ਸਿੰਘ ਗਿੱਲ ਨੇ ਦੱਸਿਆ ਕਿ ਸੁਰਿੰਦਰ ਸਲੂਜਾ ਦੇ ਖਿਲਾਫ ਜੀਵਨ ਕੁਮਾਰ, ਅਸ਼ੀਸ਼ ਕਪੂਰ ਪੰਚਕੂਲਾ, ਰਾਕੇਸ਼ ਚੰਦਰ ਨਿਜ਼ਾਮਪੁਰੀ ਦਿੱਲੀ, ਸੁਰਿੰਦਰ ਪਾਲ ਅਮਰਗੜ੍ਹ (ਫਿਰੋਜ਼ਪੁਰ) ਦੇ ਨਾਲ ਪਲਾਟਾਂ ਦੀ ਖਰੀਦੋ ਫਰੋਖਤ ਦੌਰਾਨ ਕਰੋੜਾਂ ਰੁਪਏ ਦੀ ਧੋਖਾਧੜੀ ਦੇ ਦੋਸ਼ ਹੇਠ ਥਾਣਾ ਸਦਰ ਖਰੜ ਵਿਖੇ ਵੱਖ-ਵੱਖ ਕੇਸ ਦਰਜ ਸਨ ਤੇ ਅਦਾਲਤ ਨੇ ਕਈ ਕੇਸਾਂ ਵਿੱਚ ਸਲੂਜਾ ਨੂੰ ਭਗੌੜਾ ਕਰਾਰ ਵੀ ਦਿੱਤਾ ਸੀ। ਸਲੂਜਾ ਨੇ ਪਿੰਡ ਦੇਸੂਮਾਜਰਾ ਦੇ ਅਮਰੀਕ ਸਿੰਘ ਨਾਲ 16 ਲੱਖ ਰੁਪਏ ਦੀ ਧੋਖਾਧੜੀ ਤੋਂ ਇਲਾਵਾ ਹਰਪ੍ਰੀਤ ਸਿੰਘ ਪੁੱਤਰ ਮਹਿੰਦਰ ਸਿੰਘ ਨੂੰ ਵੀ ਆਪਣਾ ਸ਼ਿਕਾਰ ਬਣਾਇਆ ਸੀ। ਪਿੰਡ ਦੇਸੂਮਾਜਰਾ ਦੇ ਸੁਖਜਿੰਦਰ ਸਿੰਘ ਨੂੰ ਵੀ ਸਲੂਜਾ ਨੇ 16 ਲੱਖ ਰੁਪਏ ਦਾ ਚੈਕ ਦਿੱਤਾ ਸੀ, ਜੋ ਬਾਅਦ ਵਿੱਚ ਬਾਊਂਸ ਹੋ ਗਿਆ ਅਤੇ ਅਦਾਲਤ ਨੇ ਸਲੂਜਾ ਨੂੰ ਇਸ ਕੇਸ ਵਿੱਚ ਭਗੌੜਾ ਐਲਾਨ ਕੀਤਾ ਸੀ। ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਸੁਰਿੰਦਰ ਸਲੂਜਾ ਨੂੰ ਗ੍ਰਿਫਤਾਰ ਕਰ ਕੇ ਖਰੜ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਉਸ ਨੂੰ ਮੰਗਲਵਾਰ ਤੱਕ ਪੁਲਸ ਰਿਮਾਂਡ ਉੱਤੇ ਭੇਜ ਦਿੱਤਾ ਗਿਆ ਹੈ।

# ਵਿਦੇਸ਼ ਭੇਜਣ ਦੇ ਨਾਂਅ ’ਤੇ 60 ਲੱਖ ਦੀ ਠੱਗੀ, ਇੱਕ ਗ੍ਰਿਫਤਾਰ



ਫਤਿਹਗੜ੍ਹ ਸਾਹਿਬ, 14 ਮਾਰਚ (ਪੋਸਟ ਬਿਊਰੋ)- ਥਾਣਾ ਫਤਿਹਗੜ੍ਹ ਸਾਹਿਬ ਪੁਲਸ ਨੇ ਇੱਕ ਵਿਅਕਤੀ ਨੂੰ 60 ਲੱਖ ਰੁਪਏ ਦੀ ਧੋਖਾਦੇਹੀ ਦੇ ਦੋਸ਼ ਗ੍ਰਿਫਤਾਰ ਕੀਤਾ ਅਤੇ ਇੱਕ ਔਰਤ ਸਮੇਤ ਉਸ ਦੇ ਦੋ ਸਹਿਯੋਗੀ ਫਰਾਰ ਹਨ।

ਐਸਪੀ (ਜਾਂਚ) ਜਗਜੀਤ ਸਿੰਘ ਜੱਲ੍ਹਾ ਦੇ ਮੁਤਾਬਕ ਸਰਬਜੀਤ ਸਿੰਘ ਪੁੱਤਰ ਗੁਰਚਰਨ ਸਿੰਘ ਪਿੰਡ ਮਲਕਪੁਰ ਅਤੇ ਮਨਜੀਤ ਸਿੰਘ ਪੁੱਤਰ ਕੇਸਰ ਸਿੰਘ ਪਿੰਡ ਜੰਡਾਲੀ ਨੇ ਪੁਲਸ ਨੂੰ ਸ਼ਿਕਾਇਤ ਕੀਤੀ ਸੀ ਕਿ ਉਹ ਆਪਣੇ ਬੱਚਿਆਂ ਨੂੰ ਅਮਰੀਕਾ ਭੇਜਣਾ ਚਾਹੁੰਦੇ ਸਨ। ਸਰਬਜੀਤ ਸਿੰਘ ਦੀ ਜ਼ਮੀਨ ਅਤੇ ਫਾਰਮ ਪਿੰਡ ਜਮਰੋਹਾ, ਗਵਾਲੀਅਰ, ਮੱਧ ਪ੍ਰਦੇਸ਼ ਵਿਖੇ ਹੈ। ਉਥੇ ਲਾਖਨ ਸਿੰਘ ਪੁੱਤਰ ਰੱਤੀ ਰਾਮ ਪਿੰਡ ਅਜੈਗੜ੍ਹ, ਜ਼ਿਲ੍ਹਾ ਗਵਾਲੀਅਰ ਨਾਲ ਜ਼ਮੀਨ ਦੀਆਂ ਰਜਿਸਟਰੀਆਂ ਕਰਨ ਵੇਲੇ ਮੁਲਾਕ-ਾਤ ਹੋਈ ਅਤੇ ਮੇਲ-ਜੋਲ ਵਧ ਗਿਆ। ਲਾਖਨ ਸਿੰਘ ਨੇ ਕਿਹਾ ਕਿ ਉਹ ਇਨ੍ਹਾਂ ਦੇਬੱਚੇ ਅਮਰੀਕਾ ਭੇਜ ਕੇ ਕੰਮ ਉੱਤੇ ਲਗਵਾ ਦੇਵੇਗਾ, ਜਿਸ ਲਈ ਉਸ ਨੇ ਚਾਲੀ ਲੱਖ ਰੁਪਏ ਇੱਕ ਬੱਚੇ ਦੇ ਮੰਗੇ ਅਤੇ 35 ਲੱਖ ਦੇ ਹਿਸਾਬ ਗੱਲ ਤੈਅ ਹੋ ਗਈ। ਓਦੋਂ ਲਾਖਨ ਸਿੰਘ ਦੇ ਨਾਲ ਇੱਕ ਅਣਪਛਾਤੀ ਔਰਤ ਅਤੇ ਇੱਕ ਮਕਰੰਦ ਨਾਂਅ ਦਾ ਵਿਅਕਤੀ ਸੀ।ਇਸ ਤੋਂ ਬਾਅਦ ਲਾਖਨ ਸਿੰਘ ਦੇ ਬੈਂਕ ਖਾਤੇ ਵਿੱਚ ਸਰਬਜੀਤ ਸਿੰਘ ਨੇ ਆਪਣੇ ਪਰਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਦੇ ਬੈਂਕ ਖਾਤਿਆਂ ਤੋਂ ਵੱਖ-ਵੱਖ ਸਮੇਂ 60 ਲੱਖ ਰੁਪਏ ਆਰ ਟੀ ਜੀ ਐਸ ਕੀਤੇ, ਪਰ ਲਾਖਨ ਸਿੰਘ ਅਤੇ ਉਸ ਦੇ ਸਹਿਯੋਗੀਆਂ ਨੇ ਨਾ ਉਨ੍ਹਾਂ ਦੇ ਬੱਚਿਆਂ ਨੂੰ ਅਮਰੀਕਾ ਭੇਜਿਆ ਅਤੇ ਨਾ ਪੈਸੇ ਵਾਪਸ ਕੀਤੇ। ਜਿਸ ਉੱਤੇ ਲਾਖਨ ਸਿੰਘ, ਇੱਕ ਅਣਪਛਾਤੀ ਔਰਤ ਅਤੇ ਅਤੇ ਮਕਰੰਦ ਨਾਂਅ ਦੇ ਵਿਅਕਤੀ ਦੇ ਖਿਲਾਫ ਥਾਣਾ ਸਰਹਿੰਦ ਵਿਖੇ ਕੇਸ ਦਰਜ ਕੀਤਾ ਸੀ। ਥਾਣਾ ਸਰਹਿੰਦ ਦੇ ਥਾਣੇਦਾਰ ਮੇਜਰ ਸਿੰਘ ਨੇ ਪੁਲਸ ਪਾਰਟੀ ਸਮੇਤ ਕਾਰਵਾਈ ਕਰ ਕੇ ਲਾਖਨ ਸਿੰਘ ਨੂੰ ਗ੍ਰਿਫਤਾਰ ਕਰ ਕੇ ਅਦਾਲਤ ਫਤਿਹਗੜ੍ਹ ਸਾਹਿਬ ਵਿੱਚ ਪੇਸ਼ ਕਰ ਕੇ ਦੋ ਦਿਨ ਦਾ ਪੁਲਸ ਰਿਮਾਂਡ ਲੈ ਲਿਆ ਹੈ।

# ਸੜਕ ਹਾਦਸੇ ਵਿੱਚ ਤਿੰਨ ਨੌਜਵਾਨਾਂ ਦੀ ਮੌਤ

ਲੁਧਿਆਣਾ, 14 ਮਾਰਚ (ਪੋਸਟ ਬਿਊਰੋ)- ਲੁਧਿਆਣਾ-ਜਲੰਧਰ ਮੁੱਖ ਸੜਕ ਉੱਤੇ ਹਾਰਡੀ ਵਰਲਡ ਨੇੜੇ ਕੱਲ੍ਹ ਰਾਤ ਹੋਏ ਸੜਕੀ ਹਾਦਸੇ ਵਿੱਚ ਤਿੰਨ ਦੋਸਤਾਂ ਦੀ ਮੌਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕਾਂ ਵਿੱਚ ਸੰਜੀਵ ਕੁਮਾਰ (32), ਅਰੁਣ ਕੁਮਾਰ (23) ਅਤੇ ਕ੍ਰਿਸ਼ਨ ਕੁਮਾਰ (22) ਸ਼ਾਮਲ ਹਨ। ਸੰਜੀਵ ਕੁਮਾਰ ਦਾ ਸਹੁਰਾ ਪਰਵਾਰ ਜਲੰਧਰ ਰਹਿੰਦਾ ਹੈ ਤੇ ਕੱਲ੍ਹ ਰਾਤ ਸੰਜੀਵ ਦੀ ਸੱਸ ਨੂੰ ਅਧਰੰਗ ਦਾ ਦੌਰਾ ਪੈਣ ਕਾਰਨ ਉਸ ਦੇ ਸਹੁਰੇ ਪਰਵਾਰ ਦੇ ਮੈਂਬਰਾਂ ਨੇ ਉਸ ਨੂੰ ਜਲੰਧਰ ਆਉਣ ਲਈ ਕਿਹਾ ਸੀ। ਸੰਜੀਵ ਜਦੋਂ ਦੋਸਤਾਂ ਨਾਲ ਗਿਆ ਅਤੇ ਇਨ੍ਹਾਂ ਦੀ ਕਾਰ ਹਾਰਡੀ ਵਰਲਡ ਨੇੜੇ ਪੁਲ ਉੱਤੇ ਪਹੁੰਚੀ ਤਾਂ





ਅਚਾਨਕ ਕਾਰ ਦਾ ਪੈਟਰੋਲ ਖਤਮ ਹੋ ਗਿਆ। ਇਸ ਪਿੱਛੋਂ ਤਿੰਨੇ ਕਾਰ ਤੋਂ ਬਾਹਰ ਆ ਗਏ। ਸੰਜੀਵ ਨੇ ਕਾਰ ਦੇ ਬਾਹਰਲੇ ਪਾਸੇ ਸਟੇਰਿੰਗ ਫੜ ਲਿਆ, ਜਦ ਕਿ ਬਾਕੀ ਦੋਵੇਂ ਨੌਜਵਾਨ ਕਾਰ ਨੂੰ ਪਿੱਛੋਂ ਧੱਕਾ ਲਾਉਣ ਲੱਗ ਪਏ। ਅਜੇ ਕੁਝ ਦੂਰ ਗਏ ਸੀ ਕਿ ਇੱਕ ਤੇਜ਼ ਰਫਤਾਰ ਟਰੱਕ ਨੇ ਇਨ੍ਹਾਂ ਨੂੰ ਪਿੱਛੋਂ ਟੱਕਰ ਮਾਰ ਦਿੱਤੀ। ਟਰੱਕ ਦੀ ਰਫਤਾਰ ਇੰਨੀ ਤੇਜ਼ ਸੀ ਕਿ ਟੱਕਰ ਮਾਰਨ ਪਿੱਛੋਂ ਡਿਵਾਈਡਰ ਪਾਰ ਕਰ ਕੇ ਸੜਕ ਦੇ ਦੂਜੇ ਪਾਸੇ ਚਲਾ ਗਿਆ। ਹਾਦਸੇ ਪਿੱਛੋਂ ਸੜਕ ਉੱਤੇ ਜਾਂਦੇ ਲੋਕਾਂ ਨੇ ਇਸ ਬਾਰੇ ਐਂਬੂਲੈਂਸ ਨੂੰ ਵੀ ਸੂਚਿਤ ਕੀਤਾ, ਪਰ ਜਦੋਂ ਤੱਕ ਐਂਬੂਲੈਂਸ ਪਹੁੰਚੀ, ਤਿੰਨੇ ਨੌਜਵਾਨ ਦਮ ਤੋੜ ਚੁੱਕੇ ਸਨ। ਮ੍ਰਿਤਕ ਅਰੁਣ ਅਤੇ ਸੰਜੀਵ ਕੁਮਾਰ ਵਿਆਹੇ ਹੋਏ ਸਨ। ਸੰਜੀਵ ਕੁਮਾਰ ਦੇ ਦੋ ਬੱਚੇ ਲੜਕੀ 10 ਸਾਲ ਤੇ ਲੜਕਾ ਸੱਤ ਸਾਲ ਹਨ। ਉਹ ਨਗਰ ਨਿਗਮ ਵਿੱਚ ਠੇਕਾ ਮੁਲਾਜ਼ਮ ਸੀ, ਜਦ ਕਿ ਅਰੁਣ ਹੋਟਲ ਵਿੱਚ ਕੰਮ ਕਰਦਾ ਅਤੇ ਕ੍ਰਿਸ਼ਨ ਦਿਹਾੜੀ ਉੱਤੇ ਕੰਮ ਕਰ ਕੇ ਗੁਜ਼ਾਰਾ ਕਰਦਾ ਸੀ। ਅਰੁਣ ਕੁਮਾਰ ਦਾ ਅਜੇ ਪੰਜ ਮਹੀਨੇ ਪਹਿਲਾਂ ਵਿਆਹ ਹੋਇਆ ਸੀ।

# ਸ਼ਰਾਬੀ ਨੇ ਪਤਨੀ ਨੂੰ ਗੋਲੀ ਮਾਰ ਕੇ ਮਾਰ ਮੁਕਾਇਆ

ਫਿਰੋਜ਼ਪੁਰ, 14 ਮਾਰਚ (ਪੋਸਟ ਬਿਊਰੋ)- ਥਾਣਾ ਮੱਖੂ ਦੇ ਪਿੰਡ ਮੋੜ ਕੁਸੂ ਵਾਲਾ ਦੇ ਇੱਕ ਵਿਅਕਤੀ ਨੇ ਆਪਣੀ ਪਤਨੀ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਹੈ। ਪਤਨੀ ਪਤੀ ਨੂੰ ਸ਼ਰਾਬ ਪੀਣ ਤੋਂ ਰੋਕਦੀ ਸੀ ਅਤੇ ਪਤੀ-ਪਤਨੀ ਵਿੱਚ ਕਿਸੇ ਗੱਲ ਤੋਂ ਕਈ ਦਿਨਾਂ ਤੋਂ ਝਗੜਾ ਚੱਲ ਰਿਹਾ ਸੀ। ਤੈਸ਼ ਵਿੱਚ ਪਤੀ ਨੇ ਪਤਨੀ ਉੱਤੇ ਗੋਲੀ ਚਲਾ ਦਿੱਤੀ। ਥਾਣਾ ਮੱਖੂ ਪੁਲਸ ਨੇ ਇਸ ਬਾਰੇ ਮ੍ਰਿਤਕਾ ਦੇ ਪਤੀ ਉੱਤੇ ਕਤਲ ਦਾ ਕੇਸ ਦਰਜ ਕਰ ਕੇ ਉਸ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਗੁਰ-ਚਰਨ ਸਿੰਘ ਪੁੱਤਰ ਅਵਤਾਰ ਸਿੰਘ



ਪਿੰਡ ਖੰਬਾ ਜ਼ਿਲ੍ਹਾ ਮੋਗਾ ਨੇ ਦੱਸਿਆ ਕਿ ਉਸ ਦੇ ਭਤੀਜੇ ਲਖਵਿੰਦਰ ਸਿੰਘ ਨੂੰ ਉਸ ਦੀ ਭਾਣਜੀ ਕਿਰਨ ਪੁੱਤਰੀ ਜਰਨੈਲ ਸਿੰਘ ਪਿੰਡ ਕੁਸੂ ਵਾਲਾ ਦਾ ਫੋਨ ਆਇਆ ਕਿ ਉਸ ਦੀ ਮੰਮੀ ਗੁਰ-ਚਰਨ ਕੌਰ (35) ਨੂੰ ਉਸ ਦੇ ਪਿਤਾ ਜਰਨੈਲ ਸਿੰਘ ਨੇ ਗੋਲੀ ਮਾਰ ਦਿੱਤੀ, ਜਿਸ ਕਾਰਨ ਗੁਰਚਰਨ ਕੌਰ ਦੀ ਮੌਤ ਹੋ ਗਈ। ਗੁਰਚਰਨ ਸਿੰਘ ਨੇ ਕਿਹਾ ਕਿ ਜਦੋਂ ਉਹ ਮੌਕੇ ਉੱਤੇ ਪਹੁੰਚੇ ਤਾਂ ਦੇਖਿਆ ਕਿ ਗੁਰਚਰਨ ਕੌਰ ਦੀ ਲਾਸ਼ ਵਿਹੜੇ ਵਿੱਚ ਪਈ ਹੋਈ ਸੀ। ਪਿੰਡ ਦੇ ਸਰਪੰਚ ਨੇ ਫੋਨ ਉੱਤੇ ਪੁਲਸ ਨੂੰ ਸੂਚਨਾ ਦਿੱਤੀ। ਦੋਸ਼ੀ ਜਰਨੈਲ ਸਿੰਘ ਰੋਜ਼ ਸ਼ਰਾਬ ਪੀ ਕੇ ਘਰ ਜਾਂਦਾ ਸੀ ਤੇ ਉਸ ਦੀ ਪਤਨੀ ਉਸ ਨੂੰ ਸ਼ਰਾਬ ਪੀਣ ਤੋਂ ਰੋਕਦੀ ਸੀ। ਪਤਨੀ ਨੂੰ ਕਿਸੇ ਗੱਲ ਬਾਰੇ ਪਤੀ ਉੱਤੇ ਸ਼ੱਕ ਵੀ ਸੀ, ਜਿਸ ਕਾਰਨ ਦੋਵਾਂ ਦਾ ਝਗੜਾ ਰਹਿੰਦਾ ਸੀ। ਸਬ ਇੰਸਪੈਕਟਰ ਦਵਿੰਦਰ ਕੁਮਾਰ ਦੇ ਮੁਤਾਬਕ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ ਉੱਤੇ ਦੋਸ਼ੀ ਪਤੀ ਜਰਨੈਲ ਸਿੰਘ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

# ਚੌਂਕ ਵਿੱਚ ਕਾਰ ਵੱਜਣ ਨਾਲ ਦੋ ਨੌਜਵਾਨਾਂ ਦੀ ਮੌਤ





ਪਟਿਆਲਾ, 14 ਮਾਰਚ (ਪੋਸਟ ਬਿਊਰੋ)- ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੋਰੋਨਾ ਮਹਾਮਾਰੀ ਕਾਰਨ ਸ਼ੁੱਕਰਵਾਰ ਤੋਂ ਲਾਏ ਰਾਤ ਦੇ ਕਰਫਿਊ ਦੇ ਪਹਿਲੇ ਹੀ ਦਿਨ ਸ਼ਹਿਰ ਦੇ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਚੌਕ ਵਿੱਚ ਹਾਦਸਾ ਹੋ ਗਿਆ।

ਮਿਲੀ ਜਾਣਕਾਰੀ ਮੁਤਾਬਕ ਪੰਜ ਨੌਜਵਾਨ ਕਾਰ ਵਿੱਚ ਸਵਾਰ ਹੋ ਕੇ ਘੁੰਮਣ ਚੱਲੇ ਤਾਂ ਉਨ੍ਹਾਂ ਦੀ ਕਾਰ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਚੌਕ ਵਿੱਚ ਜਾ ਵੱਜੀ, ਜਿਸ ਨਾਲ ਉਨ੍ਹਾਂ ਵਿੱਚੋਂ ਦੋ ਦੀ ਮੌਤ ਹੋ ਗਈ ਅਤੇ ਦੋ ਜ਼ਖਮੀ ਹੋ ਗਏ। ਮ੍ਰਿਤਕਾਂ ਦੀ ਪਛਾਣ ਜਗਦੇਵ ਸਿੰਘ ਜੱਗੀ ਤੇ ਚੇਤਨ ਸਕਸੈਨਾ ਵਜੋਂ ਹੋਈ ਹੈ। ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਹੈ, ਜਿਨ੍ਹਾਂ ਵਿੱਚੋਂ ਇੱਕ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਪੀ ਜੀ ਆਈ ਰੈਫਰ ਕੀਤਾ ਗਿਆ ਹੈ। ਪੁਲਸ ਮੁਤਾਬਕ ਇਹ ਨੌਜਵਾਨ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਆਏ ਸਨ ਅਤੇ ਵਿਆਹ ਵੀ ਮੁੱਖ ਮੰਤਰੀ ਕੈਪਟਨ ਅਮਰਿੰਦਰਸਿੰਘ ਦੇ ਨਿਵਾਸ ਦੇ ਨੇੜੇ ਹੋ ਰਿਹਾ ਸੀ। ਸਮਾਗਮ ਤੋਂ ਬਾਅਦ ਇਹ ਘੁੰਮਣ ਲਈ ਨਿਕਲੇ ਅਤੇ ਜਦੋਂ ਸੇਵਾ ਸਿੰਘ ਠੀਕਰੀਵਾਲਾ ਚੌਕ ਕੋਲ ਪਹੁੰਚੇ ਤਾਂ ਕਾਰ ਸਿੱਧੀ ਚੌਕ ਵਿੱਚ ਵੱਜ ਜਾਣ ਕਾਰਨ ਹਾਦਸਾ ਵਾਪਰ ਗਿਆ।

# ਅਮਰੀਕਾ ਦੀ ਜੇਲ੍ਹ ਤੋੜ ਕੇ ਪੰਜਾਬ ਆਣ ਵੜਿਆ ਅੰਤਰਰਾਸ਼ਟਰੀ ਨਸ਼ਾ ਤਸਕਰ ਕਾਬੂ

ਫਿਲੌਰ, 14 ਮਾਰਚ (ਪੋਸਟ ਬਿਊਰੋ)- ਪੰਜਾਬ ਪੁਲਸ ਨੇ ਇੱਕ ਅਜਿਹੇ ਅਪਰਾਧੀ ਨੂੰ ਕਾਬੂ ਕੀਤਾ ਹੈ, ਜਿਹੜਾ ਅਮਰੀਕਾ ਦੀ ਜੇਲ੍ਹ ਤੋੜ ਕੇ ਓਥੋਂ ਭੱਜਣ ਤੋਂ ਬਾਅਦ ਪੰਜਾਬ ਵਿੱਚ ਪਹੁੰਚ ਗਿਆ ਸੀ।

ਇਸ ਬਾਰੇ ਐਸ ਪੀ ਸੁਹੇਲ ਕਾਸਿਮ ਮੀਰ ਨੇ ਦੱਸਿਆ ਕਿ ਪਿੰਡ ਪੱਦੀ ਜਗੀਰ ਦੇ ਵਸਨੀਕ ਸੁਰਿੰਦਰ ਪੁੱਤਰ ਸੋਮ ਦੱਤ ਨੇ 18 ਦਸੰਬਰ 2020 ਨੂੰ ਗੁਰਾਇਆ ਪੁਲਸ ਨੂੰ ਸ਼ਿਕਾਇਤ ਕੀਤੀ ਕਿ ਉਹ ਆਪਣੇ ਖੇਤਾਂ ਤੋਂ ਮੁੜ ਰਿਹਾ ਸੀ ਤਾਂ ਇੱਕ ਕਾਲੇ ਰੰਗ ਦੀ ਸਫ਼ਾਰੀ ਗੱਡੀ ਆਈ, ਜਿਸ ਵਿੱਚੋਂ ਸੁਖਦੀਪ ਸਿੰਘ ਉਰਫ਼ ਦੀਪਾ ਆਪਣੇ ਸਾਥੀਆਂ ਸਮੇਤ ਉਤਰਿਆਅਤੇ ਉਸ ਦੀ ਕੁੱਟਮਾਰ ਕਰ ਦਿੱਤੀ। ਉਸ ਦੀ ਸ਼ਿਕਾਇਤ ਉੱਤੇ ਗੁਰਾਇਆ ਪੁਲਸ ਨੇ ਕੇਸ ਦਰਜ ਕਰਕੇ 10 ਮਾਰਚ ਨੂੰ ਸੁਖਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤੀ ਤਾਂ ਪੁੱਛਗਿੱਛ ਦੌਰਾਨ ਹੈਰਾਨੀਜਨਕ ਖ਼ੁਲਾਸੇ ਹੋਏ। ਸੁਖਦੀਪ ਨੇ ਮੰਨਿਆ ਕਿ ਉਸ ਦਾ ਵਿਆਹ 2002 ਵਿੱਚ ਕਪੂਰਥਲਾ ਦੀ ਰਾਜਦੀਪ ਕੌਰ ਨਾਲ ਹੋਇਆ ਸੀ, ਜਿਸ ਪਿੱਛੋਂ ਉਹ ਅਮਰੀਕਾ ਚਲਾ ਗਿਆ ਸੀ ਅਤੇ ਉਸ ਨੂੰ ਤਿੰਨ ਸਾਲ ਬਾਅਦ ਉਥੋਂ ਦੀ ਨਾਗਰਿਕਤਾ ਮਿਲ ਗਈ ਸੀ। ਅਮਰੀਕਾ ਦੇ ਸ਼ਹਿਰ ਫਰਿਜ਼ਨੋ ਵਿੱਚ ਉਸ ਨੂੰ ਜਾਂਚ ਏਜੰਸੀ ਐਫ਼ ਬੀ ਆਈ ਅਤੇ ਉਥੋਂ ਦੀ ਪੁਲਸ ਨੇ 62 ਕਿੱਲੋ ਕੋਕੀਨ, 39 ਹਜ਼ਾਰ ਨਸ਼ੀਲੀਆਂ ਗੋਲੀਆਂ ਅਤੇ 40 ਹਜ਼ਾਰ ਡਾਲਰ ਸਮੇਤ ਫੜ ਲਿਆ ਸੀ, ਜਿਸ ਦਾ ਕੇਸ ਚੱਲਿਆ ਤੇ ਉਸ ਨੂੰ 17 ਸਾਲ ਸਜ਼ਾ ਹੋਈ ਸੀ। ਤਿੰਨ ਸਾਲ ਬਾਅਦ 2014 ਵਿੱਚ ਉਹ ਮੈਂਡਾਟਾ ਜੇਲ੍ਹ ਤੋਂ ਭੱਜ ਕੇ ਟੋਰਾਂਟੋ ਚਲਾ ਗਿਆ ਤੇ ਉਥੋਂ ਜਾਅਲੀ ਪਾਸਪੋਰਟ ਬਣਵਾ ਕੇ 2015 ਵਿੱਚ ਭਾਰਤ ਆ ਗਿਆ ਤੇ ਉਹ ਇੱਥੋਂ ਜਾਅਲੀ ਵੀਜ਼ਾ ਲਵਾ ਕੇ ਕੈਨੇਡਾ ਜਾਣ ਨੂੰ ਤਿਆਰ ਸੀ ਕਿ ਪੁਲਸ ਨੇ ਫੜ ਲਿਆ ਹੈ।

# ਮਸ਼ੀਨ ਦਾ ਹਾਈਡਰੋਲਿਕ ਟੈਂਕ ਬੰਦ ਕਰਦਿਆਂ ਗਰਦਨ ਫਸਣ ਕਰ ਕੇ ਹੈਲਪਰ ਦੀ ਮੌਤ

ਅੰਮ੍ਰਿਤਸਰ, 14 ਮਾਰਚ (ਪੋਸਟ ਬਿਊਰੋ)- ਟਰੱਕ ਮਾਊਂਟਿਡ ਰੋਡ ਸਵੀਪਿੰਗ ਮਸ਼ੀਨ ਦੇ ਡਰਾਈਵਰ ਦੀ ਗਲਤੀ ਕਾਰਨ ਰਮਾਣਾ ਚੱਕ, ਖਿਲਚੀਆਂ ਦੇ ਵਸਨੀਕ ਵਿਕਰਮਜੀਤ ਸਿੰਘ ਉਰਫ ਵਿੱਕੀ (22) ਦੀ ਮੌਤ ਹੋ ਗਈ।

ਪਤਾ ਲੱਗਾ ਹੈ ਕਿ ਕੱਲ੍ਹ ਸਵੇਰੇ ਘਿਓ ਮੰਡੀ ਚੌਕ ਵਿੱਚ ਕੰਮ ਕਰਦੇ ਡਰਾਈਵਰ ਸਤਵਿੰਦਰ ਸਿੰਘ ਵਾਸੀ ਅੰਬਾਲਾ ਨੇ ਹਾਈਡਰਾਲਿਕ ਟੈਂਕ ਬੰਦ ਕਰਨ ਵਾਲਾ ਬਟਨ ਦਬਾਇਆ ਤਾਂ ਟੈਂਕੀ ਵਿੱਚ ਹੈਲਪਰ ਵਿਕਰਮਜੀਤ ਸਿੰਘ ਦੀ ਗਰਦਨ ਫਸ ਕੇ ਉਸ ਦੀ ਮੌਤ ਹੋ ਗਈ। ਥਾਣਾ ਬੀ ਡਵੀਜ਼ਨ ਪੁਲਸ ਨੇ ਮ੍ਰਿਤਕ ਦੇ ਪਰਵਾਰ ਦੇ ਬਿਆਨਾਂ ਉੱਤੇ ਦੋਸ਼ੀ ਡਰਾਈਵਰ ਦੇ ਖਿਲਾਫ ਕੇਸ ਦਰਜ ਕੀਤਾ ਹੈ। ਮ੍ਰਿਤਕ ਦੇ ਇੱਕ ਕਰੀਬੀ ਨੇ ਦੱਸਿਆ ਕਿ ਵਿੱਕੀ ਕਰੀਬ ਸਵਾ ਮਹੀਨੇ ਪਹਿਲਾਂ ਇਸ ਪ੍ਰਾਈਵੇਟ ਕੰਪਨੀ ਵਿੱਚ ਨੌਕਰੀ ਉੱਤੇ ਲੱਗਾ ਸੀ। ਅਜੇ 14 ਜਨਵਰੀ ਨੂੰ ਨਗਰ ਨਿਗਮ ਦੇ ਮੇਅਰ ਕਰਮਜੀਤ ਸਿੰਘ ਰਿੰਟੂ ਨੇ ਸਮਾਰਟ ਸਿਟੀ ਹੇਠ ਖਰੀਦੀ ਟਰੱਕ ਮਾਊਂਟਿਡ ਰੋਡ ਸਵੀਪਿੰਗ ਮਸ਼ੀਨ ਦਾ ਉਦਘਾਟਨ ਕੀਤਾ ਸੀ, ਜਿਸ ਨੂੰ ਸ਼ਹਿਰ ਦੀਆਂ ਮੁੱਖ ਸੜਕਾਂ ਦੀ ਸਫਾਈ ਵਾਸਤੇ ਲਾਇਆ ਗਿਆ ਸੀ। ਇਸ ਮਸ਼ੀਨ ਨੂੰ ਜਿਸ ਕੰਪਨੀ ਤੋਂ ਖਰੀਦਿਆ ਸੀ, ਉਸੇ ਨੇ ਪੰਜ ਸਾਲ ਲਈ ਡਰਾਈਵਰ ਤੇ ਹੈਲਪਰ ਲਾਏ ਸਨ ਅਤੇ ਮੇਂਟੀਨੈਂਸ ਦਾ ਜਿੰਮਾ ਵੀ ਓਸੇ ਕੰਪਨੀ ਨੂੰ ਸੌਂਪਿਆ ਗਿਆ ਸੀ।

# ਕੁੱਤਿਆਂ ਦੀ ਲੜਾਈ ਮਗਰੋਂ ਡੀ ਐਸ ਪੀ ਨੇ ਮੇਅਰ ਦਾ ਗਾਰਡ ਕੁੱਟਿਆ

* ਪੁਲਸ ਵੱਲੋਂ ਡੀ ਐਸ ਪੀ ਵਿਰੁੱਧ ਕੇਸ ਦਰਜ

ਪਟਿਆਲਾ, 14 ਮਾਰਚ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਡੀ ਐਸ ਪੀ ਪੱਧਰ ਦੇ ਅਧਿਕਾਰੀ ਨੇ ਪਟਿਆਲਾ ਦੇ ਮੇਅਰ ਸੰਜੀਵ ਬਿੱਟੂ ਦੀ ਸਰਕਾਰੀ ਰਿਹਾਇਸ਼ ਉੱਤੇ ਤਾਇਨਾਤ ਇੱਕ ਪ੍ਰਾਈਵੇਟ ਗਾਰਡ ਦੀ ਕੁੱਟਮਾਰ ਕਰ ਦਿੱਤੀ। ਉਸ ਨੇ ਇਹ ਕੁੱਟਮਾਰ ਮੇਅਰ ਦੀ ਕੋਠੀ ਵਿੱਚ ਜਾ ਕੀਤੀ ਹੈ। ਹਰਦੀਪ ਸਿੰਘ ਨਾਂ ਦਾ ਇਹ ਡੀ ਐਸ ਪੀ,ਗੌਰਮਿੰਟ ਰੇਲਵੇ ਪੁਲਸ (ਜੀ ਆਰ ਪੀ) ਵਿੱਚ ਤਾਇਨਾਤ ਹੈ, ਜਿਸ ਖ਼ਿਲਾਫ਼ ਕੁੱਟੇ ਗਏ ਗਾਰਡ ਹਰਚਰਨ ਸਿੰਘ ਦੀ ਸ਼ਿਕਾਇਤ ਉੱਤੇ ਕੇਸ ਦਰਜ ਕੀਤਾ ਗਿਆ ਹੈ। ਇਹ ਘਟਨਾ ਕੁੱਤਿਆਂ ਦੀ ਲੜਾਈ ਮਗਰੋਂ ਵਾਪਰੀ ਦੱਸੀ ਜਾ ਰਹੀ ਹੈ।

ਕੁੱਟੇ ਗਏ ਗਾਰਡ ਹਰਚਰਨ ਸਿੰਘ ਨੇ ਦੱਸਿਆ ਕਿ ਉਹ 21 ਨੰਬਰ ਰੇਲਵੇ ਫਾਟਕ ਦੇ ਨੇੜੇ ਮੇਅਰ ਦੀਸਰਕਾਰੀ ਕੋਠੀ ਵਿੱਚ ਸਕਿਉਰਿਟੀ ਗਾਰਡ ਹੈ। ਇਸ ਖੇਤਰ ਵਿੱਚ ਰਹਿੰਦੇ ਡੀ ਐਸ ਪੀ ਹਰਦੀਪ ਸਿੰਘ ਜਦੋਂ ਮੇਅਰ ਦੀ ਕੋਠੀ ਅੱਗੇ ਆਪਣੇ ਕੁੱਤੇ ਨੂੰ ਘੁਮਾ ਰਹੇ ਸਨ ਤਾਂ ਗੇਟ ਖੁੱਲ੍ਹਾ ਹੋਣ ਕਾਰਨ ਮੇਅਰ ਦੀ ਕੋਠੀ ਵਿਚਲੇ ਤਿੰਨ ਕੁੱਤੇ ਬਾਹਰ ਜਾਂਦੇ ਡੀ ਐਸ ਪੀ ਦੇ ਕੁੱਤੇ ਨੂੰ ਪੈ ਗਏ। ਹਰਚਰਨ ਸਿੰਘ ਭਾਵੇਂ ਜਲਦੀ ਹੀ ਆਪਣੇ ਕੁੱਤਿਆਂ ਨੂੰ ਅੰਦਰ ਲੈ ਆਇਆ, ਪਰ ਇਸ ਤੋਂ ਖਫ਼ਾ ਹੋਏ ਡੀ ਐਸ ਪੀ ਹਰਦੀਪ ਸਿੰਘ ਵੀ ਮੇਅਰ ਦੀ ਕੋਠੀ ਅੰਦਰ ਆ ਕੇ ਉਸ ਨਾਲ ਗਾਲੀ ਗਲੋਚ ਕਰਨ ਲੱਗ ਪਏ।ਗਾਰਡ ਨੇ ਦੱਸਿਆ ਕਿ ਡੀ ਐਸ ਪੀ ਨੇ ਸ਼ਰਾਬ ਪੀਤੀ ਹੋਈ ਸੀ ਅਤੇ ਉਸ ਨੇ ਉਸ (ਗਾਰਡ) ਨੂੰ ਥੱਪੜ ਵੀ ਮਾਰਿਆ। ਕੋਠੀ ਵਿੱਚ ਮੌਜੂਦ ਪੁਲਸ ਵਾਲਿਆਂ ਨੇ ਸਮਝਾ ਕੇ ਹਰਦੀਪ ਸਿੰਘ ਨੂੰ ਬਾਹਰ ਭੇਜ ਦਿੱਤਾ, ਪਰ ਉਹ ਕੁਝ ਦੇਰ ਬਾਅਦ ਫੇਰ ਆ ਕੇ ਕੋਠੀ ਦਾ ਗੇਟ ਖੜਕਾਉਣ ਲੱਗਾ। ਉਨ੍ਹਾਂ ਗੇਟ ਨਾ ਖੋਲ੍ਹਿਆ ਤਾਂ ਬੁੜਬੁੜ ਕਰਦਾ ਚਲਾ ਗਿਆ। ਐਸ ਐਸ ਪੀ ਵਿਕਰਮਜੀਤ ਦੁੱਗਲ ਨੇ ਕੇਸ ਦਰਜ ਕਰਨ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਸ ਬਾਰੇ ਬਣਦੀ ਕਾਰਵਾਈ ਭਾਵੇਂ ਪਟਿਆਲਾ ਪੁਲਸ ਨੇ ਕਰਨੀ ਹੈ, ਪਰ ਵਿਭਾਗੀ ਕਾਰਵਾਈ ਬਾਰੇ ਉਨ੍ਹਾਂ ਨੇ ਜੀ ਆਰ ਪੀ ਨੂੰ ਲਿਖ ਦਿੱਤਾ ਹੈ।

# ਵੀਡੀਓਗ੍ਰਾਫੀ ਤੋਂ ਰੋਕਣ ਉਤੇ ਕੁੱਟਿਆ ਅਤੇ ਕੱਪੜੇ ਪਾੜ ਦਿੱਤੇ

* 13 ਜਣਿਆਂ ਦੇ ਖਿਲਾਫ ਪੁਲਸ ਕੇਸ ਦਰਜ

ਜਲੰਧਰ, 14 ਮਾਰਚ (ਪੋਸਟ ਬਿਊਰੋ)- ਭਾਰਤੀ ਸਟੇਟ ਬੈਂਕ (ਐਸ ਬੀ ਆਈ) ਲੋਹੀਆਂ ਖਾਸ ਦੀ ਬ੍ਰਾਂਚ ਵਿੱਚ ਪੈਨਸ਼ਨ ਕੇਸ ਦੇ ਸਿਲਸਿਲੇ ਵਿੱਚ ਆਏ ਲੋਕਾਂ ਨੇ ਉਥੇ ਦੇ ਸਹਾਇਕ ਮੈਨੇਜਰ ਨੂੰ ਬੁਰੀ ਤਰ੍ਹਾਂ ਕੁੱਟ ਦਿੱਤਾ ਅਤੇ ਕੱਪੜੇ ਉਤਾਰਨ ਦੀ ਕੋਸ਼ਿਸ਼ ਕੀਤੀ। ਗਾਰਡ ਨੇ ਜਦੋਂ ਐਮਰਜੈਂਸੀ ਸਾਇਰਨ ਵਜਾਇਆ ਤਾਂ ਦੋਸ਼ੀ ਫਰਾਰ ਹੋ ਗਏ।

ਇਹ ਹਮਲਾ ਉਦੋਂ ਕੀਤਾ ਗਿਆ, ਜਦੋਂ ਪੈਨਸ਼ਨ ਕੇਸ ਵਾਲੇ ਵਿਅਕਤੀ ਨਾਲ ਆਏ ਲੋਕ ਬੈਂਕ ਦੇ ਅੰਦਰ ਵੀਡੀਓ ਬਣਾ ਰਹੇ ਸਨ ਅਤੇ ਅਸਿਸਟੈਂਟ ਮੈਨੇਜਰ ਨੇ ਉਨ੍ਹਾਂ ਨੂੰ ਰੋਕ ਦਿੱਤਾ। ਪੁਲਸ ਨੇ ਦੋਸ਼ੀਆਂ ਖ਼ਿਲਾਫ਼ ਕੇਸ ਦਰਜ ਕਰ ਕੇ ਉਨ੍ਹਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ। ਪੈਨਸ਼ਨ ਕੇਸ ਵਾਲਿਆਂ ਵੱਲੋਂ ਵੀਡੀਓ ਬਣਾਉਣ ਦਾ ਕਾਰਨ ਦੋਸ਼ੀਆਂ ਤੋਂ ਪੁੱਛਗਿੱਛ ਦੇ ਬਾਅਦ ਹੀ ਸਪੱਸ਼ਟ ਹੋ



ਸਕੇਗਾ।ਸੁਲਤਾਨਪੁਰ ਲੋਧੀ ਦੇ ਰਹਿਣ ਵਾਲੇ ਗਗਨਦੀਪ ਨੇ ਦੱਸਿਆ ਕਿ ਉਹ ਐਸ ਬੀ ਆਈ ਦੀ ਲੋਹੀਆਂ ਖਾਸ ਬ੍ਰਾਂਚ ਦਾ ਅਸਿਸਟੈਂਟ ਮੈਨੇਜਰ ਹੈ। ਕੱਲ੍ਹ ਸਵੇਰੇ ਕਾਕੜ ਕਲਾਂ ਦਾ ਜਗਤਾਰ ਸਿੰਘ ਉਰਫ਼ ਕਾਲੀ, ਨਿਰਮਲ ਸਿੰਘ ਅਤੇ ਰੋਸ਼ਨ ਸਿੰਘ ਆਪਣੇ ਕੁਝ ਸਾਥੀਆਂ ਨਾਲ ਬੈਂਕ ਵਿੱਚ ਆਏ ਅਤੇ ਮੋਬਾਈਲ ਕੱਢ ਕੇ ਵੀਡੀਓ ਬਣਾਉਣ ਲੱਗੇ। ਉਨ੍ਹਾਂ ਨੂੰ ਜਦੋਂ ਵੀਡੀਓ ਬਣਾਉਣ ਤੋਂ ਰੋਕਿਆ ਤਾਂ ਬਹਿਸ ਕਰਨ ਲੱਗੇ। ਇਨ੍ਹਾਂ ਨਾਲ ਆਏ ਰੋਸ਼ਨ ਸਿੰਘ ਦਾ ਪੈਨਸ਼ਨ ਕੇਸ ਸੀ, ਜਿਸ ਨੂੰ ਉਨ੍ਹਾਂ ਨੇ ਆਪਣੇ ਕੋਲ ਬਿਠਾਇਆ ਅਤੇ ਪਾਣੀ ਅਤੇ ਚਾਹ ਪਿਆਈ। ਇਸ ਪਿੱਛੋਂ ਲੋਨ ਦੇ ਕੇਸ ਦੀ ਵਿਜਿਟ ਲਈ ਉਹ ਬੈਂਕ ਤੋਂ ਬਾਹਰ ਨਿਕਲ ਆਏ ਅਤੇ ਬੈਂਕ ਦੇ ਬਾਹਰ ਟੈਂਟ ਦੀ ਦੁਕਾਨ ਨੇੜੇ 10-15 ਲੋਕ ਬੈਠੇ ਸੀ। ਉਹ ਇੱਕ ਦਮ ਉਨ੍ਹਾਂ ਦੇ ਅੱਗੇ ਆਏ ਗਾਲੀ-ਗਲੋਚ ਕਰਦੇ ਹੋਏ ਮੁੱਕੇ ਮਾਰਨੇ ਸ਼ੁਰੂ ਕਰ ਦਿੱਤੇ ਅਤੇ ਉਨ੍ਹਾਂ ਦੇ ਕੱਪੜੇ ਉਤਾਰਨ ਦੀ ਕੋਸ਼ਿਸ਼ ਕੀਤੀ। ਇਹ ਦੇਖ ਦੇ ਬੈਂਕ ਦੇ ਗਾਰਡ ਨੇ ਐਮਰਜੈਂਸੀ ਸਾਇਰਨ ਵਜਾਇਆ ਤਾਂ ਆਸਪਾਸ ਲੋਕ ਇਕੱਠੇ ਹੋ ਗਏ ਤਾਂ ਬਾਅਦ ਦੋਸ਼ੀ ਉਨ੍ਹਾਂ ਨੂੰ ਧਮਕੀ ਦਿੰਦੇ ਹੋਏ ਫਰਾਰ ਹੋ ਗਏ।

ਮਨਜੀਤ ਸਿੰਘ ਜੀ ਕੇ ਵੱਲੋਂ ਦੋਸ਼

# ਕੇਜਰੀਵਾਲ ਸਰਕਾਰ ਨੇ ਅਦਾਲਤ ਵਿੱਚ ਕਾਨੂੰਨ ਦੇ ਉਲਟ ਐਫੀਡੇਵਿਟ ਦੇ ਕੇ ਬਾਦਲਾਂ ਦਾ ਪੱਖ ਪੂਰਿਐ

* ਦਿੱਲੀ ਗੁਰਦੁਆਰਾ ਚੋਣਾਂ ਵਿੱਚ ਅਕਾਲੀ ਦਲ ਦੇ ਚੋਣ ਨਿਸ਼ਾਨ ਦਾ ਮਾਮਲਾ



ਨਵੀਂ ਦਿੱਲੀ, 14 ਮਾਰਚ (ਪੋਸਟ ਬਿਊਰੋ)- ਦਿੱਲੀ ਦੀ 'ਜਾਗੋ' ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਅਕਾਲੀ ਦਲ (ਬਾਦਲ) ਦੇ ਧਾਰਮਕ ਪਾਰਟੀ ਵਜੋਂ ਦਿੱਲੀ ਗੁਰ-ਦੁਆਰਾ ਚੋਣਾਂ ਵਿੱਚ ਹਿੱਸਾ ਲੈਣ ਬਾਰੇ ਦਿੱਲੀ ਹਾਈ ਕੋਰਟ ਵਿੱਚ ਚੱਲ ਰਹੇ ਕੇਸ ਵਿੱਚ ਦਿੱਲੀ ਦੀ ਕੇਜਰੀਵਾਲ ਸਰਕਾਰ ਉੱਤੇ ਅਕਾਲੀ ਦਲ ਦਾ ਪੱਖ ਪੂਰਨ ਦਾ ਦੋਸ਼ ਲਾਇਆ ਹੈ।

ਕੱਲ੍ਹ ਏਥੇ ਪ੍ਰੈੱਸ ਕਾਨਫਰੰਸ ਵਿੱਚ ਮਨਜੀਤ ਸਿੰਘ ਜੀ ਕੇ ਨੇ ਪੁੱਛਿਆ ਕਿ ਕੇਜਰੀਵਾਲ ਸਰਕਾਰ ਦੀ ਬਾਦਲਾਂ ਨਾਲ ਕੀ ਗੰਢਤੁਪ ਹੋਈ ਹੈ, ਜੋ ਵਿੱਚੋਣ ਨਿਸ਼ਾਨ' ਵਾਲੇ ਕੇਸ ਵਿੱਚ ਦਿੱਲੀ ਸਿੱਖ ਗੁਰਦੁਆਰਾ ਐਕਟ 1971 ਦੇ ਨਿਯਮਾਂ ਵਿਰੁੱਧ ਜਾ ਕੇ ਦਿੱਲੀ ਸਰਕਾਰ ਬਾਦਲਾਂ ਦਾ ਪੱਖ ਪੂਰ ਰਹੀ ਹੈ? ਉਨ੍ਹਾਂ ਕਿਹਾ, 'ਕੇਜਰੀਵਾਲ ਸਰਕਾਰ ਨੇ ਦਿੱਲੀ ਹਾਈ ਕੋਰਟ ਵਿੱਚ ਇੱਕ ਐਫੀਡੇਵਿਟ ਦੇ ਕੇ ਕਿਹਾ ਹੈ ਕਿ ਅਕਾਲੀ ਦਲ (ਬਾਦਲ) ਰਵਾਇਤੀ ਪਾਰਟੀ ਹੋਣ ਕਰ ਕੇਦਿੱਲੀ ਗੁਰਦੁ-ਆਰਾ ਚੋਣਾਂ ਲੜ ਸਕਦੀ ਹੈ ਤੇ 28 ਜਲਾਈ 2010 ਨੂੰ ਬਣਾਇਆ ਗਿਆ ਸਿੱਖ ਗੁਰਦੁਆਰਾ ਐਕਟ ਦਾ ਰੂਲ ਨੰਬਰ 14 ਅਕਾਲੀ ਦਲ ਉੱਤੇ ਲਾਗੂ ਨਹੀਂ ਹੁੰਦਾ, ਜਦ ਕਿ ਇਸੇ ਨਿਯਮ ਵਿੱਚ ਸਾਫ ਹੈ ਕਿ ਚੋਣਾਂ ਵਿੱਚ ਹਿੱਸਾ ਲੈਣ ਵਾਲੀ ਪਾਰਟੀ, ਸੁਸਾਇਟੀਜ਼ ਰਜਿਸਟਰੇਸ਼ਨ ਐਕਟ ਹੇਠ ਧਾਰਮਿਕ ਪਾਰਟੀ ਵਜੋਂ ਸੁਸਾਇਟੀਜ਼ ਰਜਿਸਟਰਾਰ ਦੇ ਕੋਲ ਰਜਿਸਟਰ ਹੋਣੀ ਚਾਹੀਦੀ ਹੈ।'ਉਨ੍ਹਾਂ ਕਿਹਾ ਕਿ 'ਇਸੇ ਨਿਯਮ ਹੇਠ ਮੇਰੇ ਵੱਲੋਂ 2007 ਵਿੱਚ ਬਣਾਏ ਗਏ ਸ਼੍ਰੋਮਣੀ ਅਕਾਲੀ ਦਲ ਪੰਥਕ (ਜਥੇਦਾਰ ਸੰਤੋਖ ਸਿੰਘ) ਦੀ ਮਾਨਤਾ ਸਰਕਾਰ ਨੇ 27 ਜਨਵਰੀ 2017 ਵਿੱਚ ਰੱਦ ਕੀਤੀ ਸੀ, ਫਿਰ ਬਾਦਲਾਂ ਨਾਲ ਕੇਜਰੀਵਾਲ ਦਾ ਕੀ ਹੇਜ ਜਾਗ ਪਿਆ ਹੈ ਅਤੇ ਇੱਕੋ ਕਾਨੂੰਨ ਦੇ ਕੇਸ ਵਿੱਚ ਦੋਹਰੇ ਮਾਪਦੰਡ ਕਿਉਂ?' ਮਨਜੀਤ ਸਿੰਘ ਜੀ ਕੇ ਪੁੱਛਿਆ ਕਿ 'ਇਹ 'ਮਾਸਟਰ ਸਟ੍ਰੋਕ' ਖੇਡ ਕੇ ਕੀ ਕੇਜਰੀਵਾਲ ਬਾਦਲ ਅਕਾਲੀ ਦਲ ਦੇ ਮੂੰਹ ਵਿੱਚ ਕੋਹੜ ਕਿਰਲੀ ਤਾਂ ਨਹੀਂ ਫਸਾ ਰਹੇ, ਤਾਂ ਕਿ ਪੰਜਾਬ ਵਿਧਾਨ ਸਭਾ ਦੀਆਂ ਅਗਲੀਆਂ ਚੋਣਾਂ ਵਿੱਚ ਅਕਾਲੀਆਂ ਨੂੰ ਖੁਡੇ ਲਾਇਆ ਜਾ ਸਕੇ, ਕਿਉਂਕਿ ਭਾਰਤੀ ਚੋਣ ਕਮਿਸ਼ਨ ਦੇ ਨਿਯਮਾਂ ਮੁਤਾਬਕ ਸਿਆਸੀ ਪਾਰਟੀ ਧਾਰਮਕ ਚੋਣਾਂ ਵਿੱਚ ਹਿੱਸਾ ਨਹੀਂ ਲੈ ਸਕਦੀ ਅਤੇ ਬਾਦਲ ਅਕਾਲੀ ਦਲ ਸਿਆਸੀ ਚੋਣਾਂ ਲੜਦਾ ਆ ਰਿਹਾ ਹੈ ਤੇ ਧਾਰਮਿਕ ਚੋਣਾਂ ਵੀ ਲੜਦਾ ਹੈ।'

ਮੀਡੀਆ ਵੱਲੋਂ ਪੁੱਛੇ ਸਵਾਲ ਕਿ ਕੀ ਸ਼ੀਲਾ ਦੀਕਸ਼ਿਤ ਦੀ ਸਰਕਾਰ ਵੱਲੋਂ ਇੱਕ ਖਾਸ ਧਿਰ ਨੂੰ ਲਾਭ ਪਹੁੰਚਾਉਣ ਤੇ ਯੋਗ ਸਿੱਖਾਂ ਨੂੰ ਗੁਰ-ਦੁਆਰਾ ਪ੍ਰਬੰਧ ਵਿੱਚ ਆਉਣ ਤੋਂ ਰੋਕਣ ਲਈ 28 ਜੁਲਾਈ 2010 ਨੂੰ ਪੇਚੀਦਾ ਨਿਯਮ ਬਣਾਏ ਗਏ ਸਨ, ਦੇ ਜਵਾਬ ਵਿੱਚ ਮਨਜੀਤ ਸਿੰਘ ਜੀ ਕੇ ਨੇ ਕਿਹਾ, 'ਉਦੋਂ ਸ਼ੀਲਾ ਦੀਕਸ਼ਤ ਤੇ ਗੁਰਦੁਆਰਾ ਮੰਤਰੀ ਅਰਵਿੰਦਰ ਸਿੰਘ ਲਵਲੀ ਨੇ ਸਰਨਿਆਂ ਨੂੰ ਲਾਭ ਪੁਚਾਉਣ ਲਈ ਇਹ ਨਿਯਮ ਬਣਾਏ ਸਨ, ਕਿਉਂਕਿ ਉਸ ਵੇਲੇ ਸਰਨਿਆਂ ਦੀ ਚੜ੍ਹਤ ਹੁੰਦੀ ਸੀ।' ਉਨ੍ਹਾਂ ਕਿਹਾ ਕਿ ਅਕਾਲੀ ਦਲ ਵਿਰੁੱਧ 2017 ਵਿੱਚ ਦਾਖਲ ਕੀਤੇ ਕੇਸ ਦੀ ਅਗਲੀ ਸੁਣਵਾਈ 19 ਜੁਲਾਈ ਨੂੰ ਹੋਣੀ ਹੈ, ਜੋ ਅਹਿਮ ਹੈ। ਉਨ੍ਹਾਂ ਨੇ ਦਿੱਲੀ ਸਰਕਾਰ ਦੇ ਗੁਰਦੁਆਰਾ ਡਾਇਰੈਕਟੋਰੇਟ ਉੱਤੇ ਭਾਈ ਰਣਜੀਤ ਸਿੰਘ ਦੀ ਸਰਪ੍ਰਸਤੀ ਵਾਲੀ ਪੰਥਕ ਅਕਾਲੀ ਲਹਿਰ ਤੇ ਭਾਈ ਬਲਦੇਵ ਸਿੰਘ ਵਡਾਲਾ ਦੇ ਪੰਥਕ ਸਦਭਾਵਨਾ ਦਲ ਜਥੇਬੰਦੀ ਨੂੰ ਨਿਯਮਾਂ ਵਿਰੁੱਧ ਮਾਨਤਾ ਦੇਣ ਦਾ ਦੋਸ਼ ਵੀ ਲਾਇਆ।

# ਸਿੰਘੂ ਬਾਰਡਰ ਉਤੇ ਮਕਾਨ ਬਣਾਉਣ ਵਾਲੇ ਕਿਸਾਨਾਂ ਦੇ ਖਿਲਾਫ ਕੇਸ ਦਰਜ




ਨਵੀਂ ਦਿੱਲੀ, 14 ਮਾਰਚ (ਪੋਸਟ ਬਿਊਰੋ)- ਕਿਸਾਨਾਂ ਵੱਲੋਂ ਨਵੇਂ ਖੇਤੀ ਕਾਨੂੰਨਾਂ ਦੇ ਖਿਲਾਫ ਦਿੱਲੀ ਵਾਲੇ ਸਿੰਘੂ ਬਾਰਡਰ ਉੱਤੇ ਲਾਏ ਮੋਰਚਿਆਂਵਾਲੀ ਥਾਂ ਪੱਕੇ ਮਕਾਨ ਬਣਾਉਣ ਦੀ ਕਾਰਵਾਈ ਬਾਰੇ ਸੋਨੀਪਤ (ਹਰਿਆਣਾ) ਜ਼ਿਲ੍ਹੇ ਦੇ ਪ੍ਰਸ਼ਾਸਨ ਨੇ ਇਨ੍ਹਾਂ ਕਿਸਾਨਾਂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਕਿਸਾਨਾਂ ਨੇ ਨੈਸ਼ਨਲ ਹਾਈਵੇ ਨੰਬਰ-1 ਉੱਤੇ ਸੋਨੀਪਤ ਜ਼ਿਲ੍ਹੇ ਦੇ ਕੁੰਡਲੀ ਕਸਬੇ ਵਿੱਚ ਪੈਂਦੇ ਕੇ ਐਫ ਸੀ ਮਾਲ ਨੇੜੇ ਪੱਕੇ ਮਕਾਨ ਬਣਾਉਣੇ ਸ਼ੁਰੂ ਕਰ ਦਿੱਤੇ ਹਨ। ਪਿਆਊ ਮਨਿਆਰੀ ਵਾਲੇ ਪਾਸੇ ਤੇ ਸਿੰਘੂ ਵੱਲ ਜਾਂਦਿਆਂ ਕਰੀਬ 25 ਮਕਾਨ ਉਸਾਰੇ ਗਏ ਹਨ। ਇਨ੍ਹਾਂ ਝੌਂਪੜੀਨੁਮਾ ਘਰਾਂ ਦੀਆਂ ਕੰਧਾਂ ਪੱਕੀਆਂ ਇੱਟਾਂ ਨਾਲ ਬਣਾਈਆਂ ਜਾ ਰਹੀਆਂ ਹਨ ਅਤੇ ਉਪਰ ਛੱਤਾਂ ਸਲਵਾੜ ਨਾਲ ਪਾਈਆਂ ਜਾ ਰਹੀਆਂ ਹਨ। ਕਿਸਾਨਾਂ ਮੁਤਾਬਕ ਇਹ ਗਰਮੀ ਤੋਂ ਬਚਣ ਦਾ ਆਮ ਅਤੇ ਸਸਤਾ ਹੱਲ ਹੈ। ਕਿਸਾਨਾਂ ਨੇ ਸਿੰਘੂ ਬਾਰਡਰ ਨੇੜੇ ਕਿਸਾਨ ਨਗਰ ਬਣਾਉਣ ਦਾ ਇਰਾਦਾ ਜ਼ਾਹਰ ਕੀਤਾ ਹੈ। ਟਿਕਰੀ ਮੋਰਚੇ ਉੱਤੇ ਵੀ ਕਿਸਾਨ ਸੋਸ਼ਲ ਆਰਮੀ ਨੇ ਏਦਾਂ ਮਕਾਨ ਬਣਾਏ ਹਨ, ਜਿਸ ਦੇ ਆਗੂ ਅਨਿਲ ਮਲਿਕ ਨੇ ਕਿਹਾ ਕਿ ਅਜਿਹੇ ਕਰੀਬ 1000 ਮਕਾਨ ਬਣਾਉਣ ਦੀ ਯੋਜਨਾ ਹੈ।

ਦੂਸਰੇ ਪਾਸੇ ਨੈਸ਼ਨਲ ਹਾਈਵੇ ਅਥਾਰਟੀ ਅਤੇ ਕੁੰਡਲੀ ਨਗਰ ਕੌਂਸਲ ਦੀ ਸ਼ਿਕਾਇਤ ਉੱਤੇ ਨਿਯਮਾਂ ਖਿਲਾਫ ਜਾ ਕੇ ਨੈਸ਼ਨਲ ਹਾਈਵੇ ਉੱਤੇ ਪੱਕੀਆਂ ਉਸਾਰੀਆਂ ਕਰਨ ਦੇ ਦੋਸ਼ ਹੇਠ ਕੁੰਡਲੀ ਥਾਣੇ ਵਿੱਚ ਕਿਸਾਨਾਂ ਖਿਲਾਫ ਨੈਸ਼ਨਲ ਹਾਈਵੇਅਥਾਰਟੀ ਦੇ ਪ੍ਰੋਜੈਕਟ ਅਧਿਕਾਰੀ ਆਨੰਦ ਤੇ ਨਗਰ ਕੌਂਸਲ ਦੇ ਅਧਿਕਾਰੀ ਪਵਨ ਦੀ ਸ਼ਿਕਾਇਤ ਉੱਤੇ ਇਹ ਕੇਸ ਦਰਜ ਕੀਤਾ ਗਿਆ ਹੈ। ਪੱਕੇ ਮੋਰਚੇ ਉੱਤੇ ਬੈਠੇ ਕਿਸਾਨਾਂ ਨੇ ਟਿਕਰੀ ਅਤੇ ਸਿੰਘੂ ਵਿੱਚ ਟਿਊਬਵੈਲ ਲਾਉਣੇ ਵੀ ਸ਼ੁਰੂ ਕਰ ਦਿੱਤੇ ਹਨ। ਗਰਮੀ ਵਿੱਚ ਕਿਸਾਨ ਸੰਘਰਸ਼ ਲੰਬਾ ਚੱਲਣ ਦੇ ਸ਼ੱਕ ਕਾਰਨ ਕਿਸਾਨਾਂ ਵੱਲੋਂ ਇਹ ਵਿਉਂਤਬੰਦੀ ਕੀਤੀ ਗਈ ਹੈ।

ਸੁਪਰੀਮ ਕੋਰਟ ਨੇ ਕਿਹਾ:

# ਹਿਮਾਚਲ ਹਾਈ ਕੋਰਟ ਦਾ ਫੈਸਲਾ ਸਮਝ ਤੋਂ ਪਰ੍ਹੇ ਦਾ ਹੈ

ਨਵੀਂ ਦਿੱਲੀ, 14 ਮਾਰਚ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਹਾਈ ਕੋਰਟ ਵੱਲੋਂ ਦਿੱਤੇ ਇੱਕ ਫੈਸਲੇ ਨੂੰ ਸੁਪਰੀਮ ਕੋਰਟ ਨੇ ਸਮਝ ਤੋਂ ਪਰ੍ਹੇ ਦੱਸਦੇ ਹੋਏ ਨਾਰਾਜ਼ਗੀ ਪ੍ਰਗਟਾਈ ਹੈ।

ਸੁਪਰੀਮ ਕੋਰਟ ਨੇ ਕਿਹਾ ਕਿ ਇਸ ਤਰ੍ਹਾਂ ਦੇ ਅਦਾਲਤੀ ਹੁਕਮ ਆਮ ਨਾਗਰਿਕਾਂ ਦੀ ਨਿਆਂ ਤੱਕ ਪਹੁੰਚ ਯਕੀਨੀ ਕਰਨ ਦੇ ਮਕਸਦ ਨੂੰ ਪੂਰਾ ਨਹੀਂ ਕਰਦੇ ਅਤੇ ਉਨ੍ਹਾਂ ਦੀ ਸਮਝ ਵਿੱਚ ਨਹੀਂ ਆ ਸਕਦੇ। ਕੋਰਟ ਨੇ ਕਿਹਾ ਕਿ ਫੈਸਲਿਆਂ ਦਾ ਮਕਸਦ ਉਸ ਦੇ ਪਿੱਛੇ ਦੇ ਤਰਕ ਐ ਉਸ ਵਿਚਾਰ ਪ੍ਰਕਿਰਿਆ ਤੋਂ ਜਾਣੂ ਕਰਾਉਣਾ ਹੁੰਦਾ ਹੈ, ਜਿਨ੍ਹਾਂ ਤੋਂ ਅਦਾਲਤ ਆਖਰੀ ਨਤੀਜੇ ਤੱਕ ਪਹੁੰਚਦੀ ਹੈ। ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਐਮ ਆਰ ਸ਼ਾਹ ਦੀ ਬੈਂਚ ਨੇ ਇੱਕ ਕਰਮਚਾਰੀ ਉੱਤੇ ਅਨੁਸ਼ਾਸਨੀ ਕਾਰਵਾਈਦੇ ਕੇਸ ਵਿੱਚ ਭਾਰਤੀ ਸਟੇਟ ਬੈਂਕ ਅਤੇ ਹੋਰਨਾਂ ਵੱਲੋਂ ਦਾਇਰ ਅਪੀਲ ਉੱਤੇ ਸੁਣਵਾਈ ਦੇ ਦੌਰਾਨ ਇਹ ਟਿੱਪਣੀ ਕੀਤੀ। ਉਨ੍ਹਾਂ ਨੇ ਹਾਈ ਕੋਰਟ ਦੇ ਹੁਕਮਾਂ ਉੱਤੇ ਰੋਕ ਲਾਉਂਦੇ ਹੋਏ ਕਿਹਾ ਕਿ ਸੈਂਟਰਲ (ਗਵਰਨਮੈਂਟ ਇੰਡਸਟਰੀਅਲ ਟ੍ਰਿਬਿਊਨਲ ਸੀ ਜੀ ਆਈ ਟੀ) ਦੇ ਫੈਸਲੇ ਮੁਤਾ-ਬਕ ਬੈਂਕ ਅਤੇ ਹੋਰਾਂ ਦੇ ਖਿਲਾਫ ਕੋਈ ਕਠੋਰ ਕਾਰਵਾਈ ਨਹੀਂ ਕੀਤੀ ਜਾਏਗੀ। ਸੁਪਰੀਮ ਕੋਰਟ ਨੇ ਕਿਹਾ, ਸਾਨੂੰ ਇਹ ਲੱਗਦੈ ਕਿ ਹਾਈ ਕੋਰਟ ਦੇ ਫੈਸਲੇ ਦੀ ਭਾਸ਼ਾ ਸਮਝ ਵਿੱਚ ਆਉਣ ਲਾਇਕ ਨਹੀਂ। ਇਹ ਨਿਆਂ ਦੇ ਮਕਸਦ ਨੂੰ ਪੂਰਾ ਨਹੀਂ ਕਰਦੀ। ਸੁਪਰੀਮ ਕੋਰਟ ਨੇ ਇਸ ਕਰਮਚਾਰੀ ਨੂੰ ਨੋਟਿਸ ਜਾਰੀ ਕੀਤਾ, ਜਿਸ ਦੇ ਖਿਲਾਫ ਅਨੁਸ਼ਾਸਨੀ ਕਾਰਵਾਈ ਕੀਤੀ ਗਈ ਸੀ। ਕੋਰਟ ਨੇ ਕਿਹਾ ਕਿ ਹਾਈ ਕੋਰਟ ਦੀ ਬੈਂਚ ਵੱਲੋਂ 27 ਨਵੰਬਰ 2020 ਦੇ ਫੈਸਲੇ ਵਿੱਚ ਦੱਸੀ ਵਜ੍ਹਾ 18 ਸਫਿਆਂ ਤੋਂ ਵੱਧ ਹੈ, ਪਰ ਇਹ ਸਮਝ ਤੋਂ ਪਰ੍ਹੇ ਹੈ।

# ਬਿਹਾਰ ਅਸੈਂਬਲੀ ਵਿੱਚ ਰਾਸ਼ਟਰੀ ਜਨਤਾ ਦਲ ਤੇ ਭਾਜਪਾ ਵਿਧਾਇਕਾਂ ਵਿਚਾਲੇ ਧੱਕਾ-ਮੁੱਕੀ



ਪਟਨਾ, 14 ਮਾਰਚ (ਪੋਸਟ ਬਿਊਰੋ)- ਬਿਹਾਰ ਵਿਧਾਨ ਸਭਾ ਵਿੱਚ ਕੱਲ੍ਹ ਮੰਤਰੀ ਰਾਮਸੂਰਤ ਰਾਏ ਦੇ ਅਸਤੀਫੇ ਦੀ ਮੰਗਲਈ ਵਿਰੋਧੀ ਧਿਰ ਨੇ ਜ਼ੋਰਦਾਰ ਹੰਗਾਮਾ ਕੀਤਾ।

ਵਿਧਾਨ ਸਭਾ ਦੇ ਸੈਸ਼ਨ ਦਾ ਦੂਸਰਾ ਗੇੜ ਸ਼ੁਰੂ ਹੁੰਦੇ ਸਾਰ ਵਿਰੋਧੀ ਧਿਰ ਨੇ ਸ਼ਰਾਬਬੰਦੀ ਬਾਰੇ ਹੰਗਾਮਾ ਕਰਨਾ ਸ਼ੁਰੂ ਕਰ ਦਿੱਤਾ। ਸੱਤਾਧਾਰੀ ਧਿਰ ਦੇ ਸਵਾਲ ਉੱਤੇ ਵਿਰੋਧੀ ਧਿਰ ਏਨਾ ਭੜਕ ਗਈ ਕਿ ਨੌਬਤ ਹੱਥੋਪਾਈ ਤੱਕ ਪੁੱਜ ਗਈ। ਵਿਰੋਧੀ ਧਿਰ ਦੇ ਵਿਧਾਇਕ ਵਿਧਾਨ ਸਭਾ ਸਪੀਕਰ ਦੇ ਨੇੜੇ ਵੈਲ ਤੱਕ ਪੁੱਜ ਗਏ ਅਤੇ ਉਨ੍ਹਾਂ ਦੇ ਨਾਲ ਮਾਰਸ਼ਲ ਵੀ ਵੈਲ ਵਿੱਚ ਪੁੱਜ ਗਏ। ਭਾਰੀ ਹੰਗਾਮਾ ਦੇਖ ਕੇ ਵਿਧਾਨ ਸਭਾ ਸਪੀਕਰ ਨੇ ਸਦਨ ਦੀ ਕਾਰਵਾਈ ਦੁਪਹਿਰ 3.30 ਵਜੇ ਤੱਕ ਲਈ ਮੁਲਤਵੀ ਕਰ ਦਿੱਤੀ। ਇਸ ਐਲਾਨ ਤੋਂ ਬਾਅਦ ਵੀ ਰਾਸ਼ਟਰੀ ਜਨਤਾ ਦਲ ਅਤੇ ਭਾਜਪਾ ਵਿਧਾਇਕਾਂ ਵਿਚਾਲੇ ਤੂੰ-ਤੂੰ, ਮੈਂ-ਮੈਂ ਜਾਰੀ ਰਹੀ। ਮਿਲੀ ਜਾਣਕਾਰੀ ਅਨੁਸਾਰ ਵਿਰੋਧੀ ਧਿਰ ਦੇ ਨੇਤਾ ਤੇਜੱਸਵੀ ਯਾਦਵ ਨੇ ਵਿਧਾਨ ਸਭਾ ਸਪੀਕਰ ਤੋਂ ਸ਼ਰਾਬਬੰਦੀ ਬਾਰੇ ਬੋਲਣ ਦੀ ਇਜਾਜ਼ਤ ਮੰਗੀ ਸੀ, ਪਰ ਸਪੀਕਰ ਨੇ ਕਿਹਾ ਕਿ ਇਸ ਕੇਸ ਉੱਤੇ ਬੋਲਣ ਲਈ ਸੋਮਵਾਰ ਦਾ ਦਿਨ ਤੈਅ ਕੀਤਾ ਹੈ। ਇਸ ਉੱਤੇ ਤੇਜਸਵੀ ਨੇ ਦੋ ਮਿੰਟ ਸਮਾਂ ਮੰਗਿਆ ਤਾਂ ਸਦਨ ਵਿੱਚ ਹੰਗਾਮਾ ਹੋ ਗਿਆ। ਇਸ ਕੇਸ ਨੂੰ ਘੱਟ-ਗਿਣਤੀ ਭਲਾਈ ਮੰਤਰੀ ਜਮਾ ਖਾਨ ਨੇ ਸਾਜ਼ਿਸ਼ ਦੱਸਿਆ ਅਤੇ ਕਿਹਾ ਕਿ ਵਿਰੋਧੀ ਧਿਰ ਸਦਨ ਨੂੰ ਚੱਲਣ ਨਹੀਂ ਦੇਣਾ ਚਾਹੁੰਦੀ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਦੇ ਲੋਕ ਸ਼ੁਰੂ ਤੋਂ ਹੀ ਮੁਰਦਾਬਾਦ ਦੇ ਨਾਅਰੇ ਲਾ ਰਹੇ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਸਦਨ ਵਿੱਚ ਹੰਗਾਮਾ ਹੋਣ ਲੱਗਾ ਤਾਂ ਤੇਜਸਵੀ ਯਾਦਵ ਅਤੇ ਤੇਜਪ੍ਰਤਾਪ ਸਦਨ ਤੋਂ ਬਾਹਰ ਚਲੇ ਗਏ।

# ਪੰਜਾਬ ਸਮੇਤ ਤਿੰਨ ਰਾਜਾਂ ਵਿੱਚ ਬਲਕ ਡਰੱਗਸ ਪਾਰਕ ਬਣੇਗਾ



ਨਵੀਂ ਦਿੱਲੀ, 14 ਮਾਰਚ (ਪੋਸਟ ਬਿਊਰੋ)- ਭਾਰਤ ਵਿੱਚ ਦਵਾਈਆਂ ਬਣਾਉਣ ਵਾਸਤੇ ਰਾਅ ਮੈਟੀਰੀਅਲ (ਐਕਟਿਵ ਫਾਰਮਾਸਿਊਟੀਕਲ ਇਨਗ੍ਰੇਡਿਐਂਟ) ਲਈ ਚੀਨ ਉੱਤੇ ਨਿਰਭਰਤਾ ਖਤਮ ਕਰਨ ਲਈ ਕੇਂਦਰ ਸਰਕਾਰ ਨੇ ਤਿੰਨ ਬਲਕ ਡਰੱਗਸ ਪਾਰਕ ਬਣਾਉਣ ਦਾ ਐਲਾਨ ਕੀਤਾ ਸੀ। ਇਸ ਬਾਰੇ ਕੋਟੇਸ਼ਨਾਂ ਆਈਆਂ ਹਨ, ਜਿਨ੍ਹਾਂ ਵਿੱਚ ਪੰਜਾਬ, ਹਿਮਾਚਲ ਪ੍ਰਦੇਸ਼, ਮਹਾਰਾਸ਼ਟਰ ਅਤੇ ਹਰਿਆਣਾ ਦੀ ਸਥਿਤੀ ਸਭ ਤੋਂ ਬਿਹਤਰ ਹੈ।

ਜਿਹੜੇ 13 ਰਾਜਾਂ ਨੇ ਕੋਟੇਸ਼ਨਾਂ ਭੇਜੀਆਂ, ਉਨ੍ਹਾਂ ਵਿੱਚ ਪੰਜਾਬ ਪਹਿਲੇ ਨੰਬਰ 'ਤੇ ਹੈ। ਜਿਨ੍ਹਾਂ ਨਿਯਮਾਂ ਅਤੇ ਸ਼ਰਤਾਂ ਉੱਤੇ ਸੂਬਿਆਂ ਨੂੰ ਡਰੱਗਸ ਪਾਰਕ ਅਲਾਟ ਹੋਣੀ ਹੈ, ਉਸ ਵਿੱਚ ਪੰਜਾਬ ਵਲੋਂ ਜ਼ਮੀਨ ਅਤੇ ਦੂਸਰੇ ਸਾਧਨਾਂ ਲਈ ਜੋ ਰੇਟ ਦਿੱਤੇ ਗਏ ਹਨ, ਉਹ ਸਭ ਤੋਂ ਘੱਟ ਹਨ, ਇਸ ਲਈ ਤਿੰਨਾਂ ਵਿੱਚੋਂ ਇੱਕ ਪਾਰਕ ਪੰਜਾਬ ਨੂੰ ਮਿਲਣਾ ਤੈਅ ਹੈ। ਹਿਮਾਚਲ, ਮਹਾਰਾਸ਼ਟਰ ਅਤੇ ਹਰਿਆਣਾ ਦੀ ਸਥਿਤੀ ਵੀ ਬਿਹਤਰ ਹੈ। ਸਬੰਧਤ ਮੰਤਰਾਲੇ ਨੇ ਅੰਤਿਮ ਫੈਸਲਾ ਨਹੀਂ ਲਿਆ। ਪੰਜਾਬ, ਤੇਲੰਗਾਨਾ, ਆਂਧਰਾ ਪ੍ਰਦੇਸ਼, ਕਰਨਾਟਕ, ਮਹਾਰਾਸ਼ਟਰ, ਗੁਜਰਾਤ, ਉੜੀਸਾ, ਯੂ ਪੀ, ਹਰਿਆਣਾ, ਕੇਰਲ ਤੇ ਰਾਜਸਥਾਨ ਨੇ ਮੌਜੂਦਾ ਨਿਯਮਾਂ-ਸ਼ਰਤਾਂ ਵਿੱਚ ਬਦਲਾਅ ਦੀ ਮੰਗ ਕੀਤੀ ਹੈ। ਇੱਕ ਬਲਕ ਡਰੱਗਸ ਪਾਰਕ ਉੱਤੇ ਕੇਂਦਰ ਸਰਕਾਰ ਇੱਕ ਹਜ਼ਾਰ ਕਰੋੜ ਰੁਪਏ ਤੇ ਰਾਜ ਸਰਕਾਰ 400 ਕਰੋੜ ਰੁਪਏ ਦੇਵੇਗੀ। ਇੱਕ ਪਾਰਕ ਵਿੱਚ ਘੱਟੋ-ਘੱਟ ਅੱਸੀ ਕੰਪਨੀਆਂ ਨੂੰ ਪਲਾਂਟ ਲਾਉਣ ਦਾ ਮੌਕਾ ਮਿਲੇਗਾ। ਹਰ ਸਾਲ ਇੱਕ ਪਾਰਕ ਵਿੱਚੋਂ ਵੀਹ ਹਜ਼ਾਰ ਕਰੋੜ ਰੁਪਏ ਦੇ ਏ ਪੀ ਆਈ ਦੀ ਵਿਕਰੀ ਦਾ ਅੰਦਾਜ਼ਾ ਹੈ। ਤਿੰਨੇ ਪਾਰਕ ਸ਼ੁਰੂ ਹੋਣ ਉੱਤੇ ਕਰੀਬ 75 ਹਜ਼ਾਰ ਰੋਜ਼ਗਾਰ ਪੈਦਾ ਹੋਣਗੇ। ਦੇਸ਼ ਵਿੱਚ ਤਿੰਨ ਲੱਖ ਕਰੋੜ ਰੁਪਏ ਦਾ ਸਾਲਾਨਾ ਦਵਾ ਕਾਰੋਬਾਰ ਹੈ, ਜਿਸ ਵਿੱਚ ਡੇਢ ਲੱਖ ਕਰੋੜ ਦਾ ਘਰੇਲੂ ਬਾਜ਼ਾਰ ਤੇ ਡੇਢ ਲੱਖ ਕਰੋੜ ਦੀ ਦਵਾ ਦਾ ਨਿਰਮਾਣ ਵਿਦੇਸ਼ ਵਿੱਚ ਹੁੰਦਾ ਹੈ। ਕਾਰੋਬਾਰ ਸਾਲਾਨਾ 10 ਫੀਸਦੀ ਦਰ ਨਾਲ ਵਧ ਰਿਹਾ ਹੈ। ਦਵਾ ਬਣਾਉਣ ਵਿੱਚ ਭਾਰਤ ਦੁਨੀਆ ਵਿੱਚ ਤੀਸਰੇ ਅਤੇ ਕੀਮਤ ਵਜੋਂ 10ਵੇਂ ਸਥਾਨ ਉੱਤੇ ਹੈ। ਡਰੱਗਸ ਪਾਰਕ ਅਲਾਟ ਕਰਨ ਲਈ ਅਲੱਗ-ਅਲੱਗ ਮਾਪਦੰਡ ਤੈਅ ਕੀਤੇ ਗਏ ਹਨ। ਜਿਨ੍ਹਾਂ ਰਾਜਾਂ ਵਿੱਚ 500 ਤੋਂ 800 ਏਕੜ ਜ਼ਮੀਨ ਹੈ, ਉਨ੍ਹਾਂ ਨੂੰ 10 ਪੁਆਇੰਟ, 801 ਤੋਂ ਹਜ਼ਾਰ ਏਕੜ ਜ਼ਮੀਨ ਉੱਤੇ 15 ਅਤੇ ਇਸ ਤੋਂ ਵੱਧ ਜ਼ਮੀਨ ਹੋਣ ਉੱਤੇ 25 ਪੁਆਇੰਟ ਤੈਅ ਹਨ। ਬਿਜਲੀ, ਵੇਸਟੇਜ ਪ੍ਰੋਫਾਰਮੈਂਸ, ਵੇਅਰ ਹਾਊਸ ਅਤੇ ਪਾਰਕ ਪ੍ਰਬੰਧ ਦੇ ਤੀਹ ਪੁਆਇੰਟ ਹਨ।

# ਕਜ਼ਾਖਿਸਤਾਨ ਵਿੱਚ ਹਵਾਈ ਹਾਦਸੇ ਵਿੱਚ ਚਾਰ ਮੌਤਾਂ





ਮਾਸਕੋ, 14 ਮਾਰਚ (ਪੋਸਟ ਬਿਊਰੋ)- ਕਜ਼ਾਖਿਸਤਾਨ ਫੌਜ ਦਾ ਹਵਾਈ ਜਹਾਜ਼ ਕੱਲ੍ਹ ਹਾਦਸੇ ਦਾ ਸ਼ਿਕਾਰ ਹੋ ਗਿਆ। ਇਸ ਹਾਦਸੇ ਵਿੱਚ ਜਹਾਜ਼ ਦੇ ਚਾਲਕ ਦਲ ਦੇ ਚਾਰ ਮੈਂਬਰਾਂ ਦੀ ਮੌਤ ਹੋ ਗਈ ਤੇ ਦੋ ਜ਼ਖਮੀ ਹੋ ਗਏ।

ਇਸ ਬਾਰੇ ਕਜ਼ਾਖਿਸਤਾਨ ਦੇ ਮੰਤਰਾਲੇ ਨੇ ਕਿਹਾ ਕਿ ਜਹਾਜ਼ ਹਾਦਸੇ ਦੌਰਾਨ ਚਾਲਕ ਦਲ ਦੇ ਦੋ ਮੈਂਬਰ ਬਚ ਗਏ, ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਹੈ। ਮੰਤਰਾਲੇਦੇ ਕਹਿਣ ਮੁਤਾਬਕ ਇਸ ਦੇਸ਼ ਦੇ ਸਭ ਤੋਂ ਵੱਡੇ ਸ਼ਹਿਰ ਅਲਮਾਟੀ ਦੇ ਹਵਾਈ ਅੱਡੇ 'ਤੇ ਉਤਰਨ ਵੇਲੇ ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਿਆ। ਜਹਾਜ਼ ਕਜ਼ਾਖਸਤਾਨ ਦੀ ਰਾਜਧਾਨੀ ਨੂਰ ਸੁਲਤਾਨ ਤੋਂ ਅਲਮਾਟੀ ਦੇ ਹਵਾਈ ਅੱਡੇ 'ਤੇ ਪਹੁੰਚਿਆ ਸੀ ਅਤੇ ਇਸ 'ਚ ਚਾਲਕ ਦਲ ਦੇ ਛੇ ਮੈਂਬਰਾਂ ਤੋਂ ਇਲਾਵਾ ਕੋਈ ਮੁਸਾਫਰ ਸਵਾਰ ਨਹੀਂ ਸੀ। ਹਾਦਸੇ ਦੇ ਕਾਰਨਾਂ ਦਾ ਤੁਰੰਤ ਪਤਾ ਨਹੀਂ ਲੱਗ ਸਕਿਆ ਹੈ।

# ਯੂ ਕੇ ਪੁਲਸ ਨੇ ਗੈਰ-ਕਾਨੂੰਨੀ ਪਾਰਟੀ ਬੰਦ ਕਰਾ ਕੇ 44 ਲੋਕਾਂ ਨੂੰ ਮੋਟਾ ਜੁਰਮਾਨਾ ਕੀਤਾ




ਲੰਡਨ, 14 ਮਾਰਚ (ਪੋਸਟ ਬਿਊਰੋ)- ਯੂ ਕੇ ਦੀ ਰਾਜਧਾਨੀ ਲੰਡਨ ਦੇ ਸਾਊਥਾਲ ਇਲਾਕੇ ਦੀ ਪੁਲਸ ਨੇ ਕੋਰੋਨਾ ਕਾਰਨ ਲੱਗੀ ਤਾਲਾਬੰਦੀ ਨਿਯਮਾਂ ਨੂੰ ਤੋੜ ਕੇ ਕੀਤੀ ਗਈ ਇੱਕ ਗੈਰ-ਕਾਨੂੰਨੀ ਪਾਰਟੀ ਨੂੰ ਬੰਦ ਕਰਵ-ਾਇਆ ਅਤੇ ਹਾਜ਼ਰੀ ਲੋਕਾਂ ਨੂੰ ਮੋਟੇ ਜੁਰਮਾਨੇ ਕੀਤੇ ਹਨ। ਇਸ ਦੌਰਾਨ ਸਾਊਥਾਲ ਵਿੱਚ ਗਸ਼ਤ ਕਰ ਰਹੇ ਪੁਲਸ ਅਧਿਕਾਰੀਆਂ ਵੱਲੋਂ ਇੱਕ ਬੈਂਕ ਦੀ ਇਮਾਰਤ ਵਿੱਚ ਪਾਰਟੀ ਕਰ ਰਹੇ ਵਿਅਕਤੀਆਂ ਉੱਤੇ ਇਹ ਕਾਰਵਾਈ ਕੀਤੀ ਹੈ।

ਪੁਲਸ ਨੇ ਦੱਸਿਆ ਕਿ ਸਾਊਥਾਲ ਦੇ ਹਾਰਟਸ ਰੋਡ ਉੱਤੇ ਕੱਲ੍ਹ ਸੱਤ ਮਾਰਚ ਨੂੰ ਸਵੇਰੇ ਕਰੀਬ 8.51 ਵਜੇ ਗਸ਼ਤ ਦੌਰਾਨ ਅਧਿਕਾਰੀਆਂ ਨੂੰ ਸੰਗੀਤ ਦੀ ਆਵਾਜ਼ ਇੱਕ ਬੰਦ ਬੈਂਕ ਦੀ ਇਮਾਰਤ ਵਿੱਚੋਂ ਸੁਣਾਈ ਦਿੱਤੀ।ਅਧਿਕਾਰੀਆਂ ਵੱਲੋਂ ਕਾਰਵਾਈ ਕਰਨ ਦੌਰਾਨ ਬੈਂਕ ਦੇ ਅੰਦਰ 44 ਲੋਕ ਮਿਲੇ, ਜੋ ਇਮਾਰਤ ਵਿੱਚ ਇੱਕ ਵਾੜ ਵਿੱਚ ਦੀ ਆਏ ਸਨ। ਪਾਰਟੀ ਕਰਨ ਵਾਲਿਆਂ ਨੇ ਇਮਾਰਤ ਅੰਦਰ ਡੀਜੇ ਸਿਸਟਮ ਲਾਇਆ ਹੋਇਆ ਸੀ। ਇਸ ਪਾਰਟੀ ਨੂੰ ਬੰਦ ਕਰਾਉਣ ਲਈ ਹੋਰ ਪੁਲਸ ਨੂੰ ਸੱਦਿਆ ਗਿਆ ਅਤੇ ਪੁਲਸ ਨੇ ਪਾਰਟੀ ਵਿੱਚ ਸ਼ਾਮਲ ਹਰ ਵਿਅਕਤੀ ਨੂੰ ਲਾਕਡਾਊਨ ਨਿਯਮਾਂ ਨੂੰ ਤੋੜਨ ਲਈ 800 ਪੌਂਡ ਜੁਰਮਾਨਾ ਕੀਤਾ। ਪੁਲਸ ਅਨੁਸਾਰ ਕੁਝ ਸੁਆਰਥੀ ਲੋਕ ਅਜੇ ਵੀ ਕੋਵਿਡ ਨਿਯਮਾਂ ਨੂੰ ਤੋੜ ਰਹੇ ਹਨ, ਜੋ ਕਿ ਬਹੁਤ ਨਿਰਾਸ਼ਾ ਵਾਲੀ ਗੱਲ ਹੈ ਅਤੇ ਇਸ ਵਿਰੁੱਧ ਸਖਤੀ ਕੀਤੀ ਜਾ ਰਹੀ ਹੈ।

# ਮਈ ਤੱਕ ਸਾਰੇ ਬਾਲਗ ਅਮਰੀਕੀਆਂ ਨੂੰ ਕੋਵਿਡ ਟੀਕਾ ਲਾ ਦਿੱਤਾ ਜਾਵੇ: ਬਾਈਡਾਨ



ਸੈਕਰਾਮੈਂਟੋ, 14 ਮਾਰਚ (ਪੋਸਟ ਬਿਊਰੋ)- ਕੱਲ੍ਹ ਰਾਤ ਰਾਸ਼ਟਰਪਤੀ ਜੋ ਬਾਈਡਨ ਨੇ ਆਪਣੇ ਰਾਜਾਂ ਨੂੰ ਆਦੇਸ਼ ਦਿੱਤੇ ਕਿ ਉਹ ਹਰ ਹਾਲਤ ਵਿੱਚ ਪਹਿਲੀ ਮਈ 2021 ਤੱਕ ਸਾਰੇ ਅਮਰੀਕੀ ਬਾਲਗਾਂ ਨੂੰ ਕੋਵਿਡ-19 ਟੀਕੇ ਲਾ ਦੇਣ। ਉਨ੍ਹਾਂ ਕਿਹਾ ਕਿ ਜੇ ਅਗਲੇ ਹਫ਼ਤਿਆਂ ਦੌਰਾਨ ਅਸੀਂ ਸਾਰੇ ਆਪਣੇ ਫਰਜ਼ਾਂ ਨੂੰ ਪਛਾਣਦੇ ਹੋਏ ਟੀਕਾਕਰਨ ਕਰਵਾ ਲੈਂਦੇ ਹਾਂ ਤਾਂ ਭਵਿੱਖ ਵਿੱਚ ਛੋਟੇ ਗਰੁੱਪਾਂ ਵਿੱਚ ਇਕੱਠੇ ਹੋ ਸਕਦੇ ਹਾਂ ਤੇ ਚਾਰ ਜੁਲਾਈ ਨੂੰ ਆਜ਼ਾਦੀ ਦਿਵਸ ਦੇ ਜਸ਼ਨਾਂ ਲਈ ਜੁੜ ਸਕਾਂਗੇ। ਉਨ੍ਹਾਂ ਕਿਹਾ ਕਿ ਟੀਕਾਕਰਨ ਦਾ ਅਗਲਾ ਪੜਾਅ ਜੀਵਨ ਆਮ ਵਾਂਗ ਕਰਨ ਵਿੱਚ ਸਹਾਈ ਹੋਵੇਗਾ।

ਰਾਸ਼ਟਰਪਤੀ ਵਿਸ਼ਵ ਸਿਹਤ ਸੰਗਠਨ ਵੱਲੋਂ ਕੋਵਿਡ-19 ਮਹਾਂਮਾਰੀ ਫੈਲਣ ਪਿੱਛੋਂ ਇੱਕ ਸਾਲ ਪੂਰੇ ਹੋਣ ਉੱਤੇ 19 ਖਰਬ ਡਾਲਰ ਦੇ ਪੈਕੇਜ ਉਪਰ ਦਸਖ਼ਤ ਕਰਨ ਪਿੱਛੋਂ ਦੇਸ਼ ਨੂੰ ਸੰਬੋਧਨ ਕਰ ਰਹੇ ਸਨ। ਇਸ ਪੈਕੇਜ਼ ਹੇਠ ਅਮਰੀਕੀ ਲੋਕਾਂ ਨੂੰ 1400 ਡਾਲਰ ਪ੍ਰਤੀ ਹਫ਼ਤਾ ਕੋਵਿਡ ਰਾਹਤ ਮਿਲੇਗੀ। ਰਾਸ਼ਟਰਪਤੀ ਨੇ 700 ਹੋਰ ਕਮਿਊਨਿਟੀ ਹੈਲਥ ਸੈਂਟਰਾਂ ਨੂੰ ਕੋਵਿਡ-19 ਦੇ ਟੀਕੇ ਸਿੱਧੇ ਸਪਲਾਈ ਕਰਨ ਦਾ ਐਲਾਨ ਵੀ ਕੀਤਾ। ਇਸ ਨਾਲ ਕੁੱਲ ਹੈਲਥ ਸੈਂਟਰਾਂ ਦੀ ਗਿਣਤੀ ਜਿਨ੍ਹਾਂ ਨੂੰ ਟੀਕਿਆਂ ਦੀ ਸਿੱਧੀ ਸਪਲਾਈ ਕੀਤੀ ਜਾਣੀ ਹੈ 950 ਹੋ ਜਾਵੇਗੀ।

# ਪਿਛਲੇ ਸਾਲ ਦੌਰਾਨ 65 ਮੀਡੀਆ ਵਾਲਿਆਂ ਦੇ ਕਤਲ ਹੋਏ



ਬਰੱਸਲਜ਼, 14 ਮਾਰਚ (ਪੋਸਟ ਬਿਊਰੋ)- ਪੱਤਰਕਾਰਾਂ ਦੀ ਕੌਮਾਂਤਰੀ ਫੈਡਰੇਸ਼ਨ (ਆਈ ਐਫ ਜੇ) ਦਾ ਕਹਿਣਾ ਹੈ ਕਿ ਸੰਨ 2020 ਵਿੱਚ ਡਿਊਟੀ ਕਰਦਿਆਂ 65 ਮੀਡੀਆ ਕਰਮੀਆਂ ਅਤੇ ਪੱਤਰਕਾਰਾਂ ਦੀ ਜਾਨ ਗਈ ਹੈ। 2019 ਨਾਲੋਂ ਇਹ ਗਿਣਤੀ 17 ਵੱਧ ਹੈ। ਫੈਡਰੇਸ਼ਨ ਨੇ ਕਿਹਾ ਕਿ ਮ੍ਰਿਤਕਾਂ ਦੀ ਗਿਣਤੀ 1990 ਦੇ ਪੱਧਰ ਉਤੇ ਚਲੀ ਗਈ ਹੈ।

ਆਈ ਐਫ ਜੇ ਮੁਤਾਬਕ ਮੌਤਾਂ 16 ਵੱਖ-ਵੱਖ ਦੇਸ਼ ਵਿੱਚ ਮਿਥ ਕੇ ਕੀਤੇ ਹਮਲਿਆਂ ਦੌਰਾਨ ਹੋਈਆਂ ਹਨ। ਇਨ੍ਹਾਂ ਦਾ ਕਾਰਨ ਗੋਲੀਬਾਰੀ ਜਾਂ ਬੰਬ ਧਮਾਕੇ ਸਨ। 1990 ਤੋਂ ਅੱਜ ਤੱਕ 2680 ਪੱਤਰਕਾਰ ਮਾਰੇ ਗਏ ਹਨ। ਫੈਡਰੇਸ਼ਨ ਦੇ ਜਨਰਲ ਸੈਕਟਰੀ ਐਂਥਨੀ ਬੇਲੈਂਜਰ ਦੇ ਦੱਸਣ ਮੁਤਾਬਕ ਮੈਕਸੀਕੋ ਦੇ ਵੱਡੇ ਅਪਰਾਧੀ, ਪਾਕਿਸਤਾਨ, ਅਫ਼ਗਾਨਿਸਤਾਨ ਤੇ ਸੋਮਾਲੀਆ ਵਿੱਚ ਕੱਟੜਵਾਦੀਆਂ ਦੀ ਅਸਹਿਣਸ਼ੀਲਤਾ ਵਾਲੇ ਵਿਹਾਰ ਦੀ ਮੀਡੀਆ ਖੇਤਰ ਵਿੱਚ ਲਗਾਤਾਰ ਹੁੰਦੀਆਂ ਇਨ੍ਹਾਂ ਹੱਤਿਆਵਾਂ ਵਿੱਚ ਵੱਡੀ ਭੂਮਿਕਾ ਹੈ। ਪਿਛਲੇ ਪੰਜ ਸਾਲਾਂ ਵਿੱਚ ਲਗਾਤਾਰ ਚੌਥੀ ਵਾਰ ਮੈਕਸੀਕੋ ਉਨ੍ਹਾਂ ਮੁਲਕਾਂ ਵਿੱਚ ਸਿਖ਼ਰ ਉਤੇ ਰਿਹਾ, ਜਿੱਥੇ ਜ਼ਿਆਦਾਤਰ ਪੱਤਰਕਾਰਾਂ ਦੇ ਕਤਲ ਹੋਏ ਹਨ। ਉਥੇ 14 ਪੱਤਰਕਾਰ ਮਾਰੇ ਗਏ ਹਨ। ਅਫਗਾਨਿਸਤਾਨ ਵਿੱਚ 10, ਪਾਕਿਸਤਾਨ ਵਿੱਚ 9, ਭਾਰਤ ਵਿੱਚ ਅੱਠ, ਫਿਲਪੀਨਜ਼ ਅਤੇ ਸੀਰੀਆ ਵਿੱਚ ਚਾਰ-ਚਾਰ ਮੀਡੀਆ ਕਰਮੀਆਂ ਦੀ ਹੱਤਿਆ ਹੋਈ ਹੈ। ਨਾਇਜੀਰੀਆ ਅਤੇ ਯਮਨ ਵਿੱਚ ਤਿੰਨ-ਤਿੰਨ ਪੱਤਰਕਾਰ ਮਾਰੇ ਗਏ ਹਨ। ਇਰਾਕ, ਸੋਮਾਲੀਆ, ਬੰਗਲਾਦੇਸ਼, ਕੈਮਰੂਨ, ਹੌਂਡੂਰਸ, ਪੈਰਾਗਵੇ, ਰੂਸ ਤੇ ਸਵੀਡਨ ਵਿੱਚ ਵੀ ਪੱਤਰਕਾਰਾਂ ਦੀ ਹੱਤਿਆ ਹੋਈ ਹੈ।

# ਯੂ ਕੇ ਵੱਲੋਂ ਨਵੀਂ ਵਿਦਿਆਰਥੀ ਤਬਾਦਲਾ ਸਕੀਮ ਦਾ ਐਲਾਨ

ਲੰਡਨ, 14 ਮਾਰਚ (ਪੋਸਟ ਬਿਊਰੋ)- ਯੂ ਕੇ ਵਿੱਚ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਨਵੀਂ ਵਿਦਿਆਰਥੀ ਤਬਾਦਲਾ ਸਕੀਮ ਤਹਿਤ 11 ਕਰੋੜ ਪੌਂਡ ਦੇ ਸਰਕਾਰੀ ਫੰਡਾਂ ਲਈ ਅਪਲਾਈ ਕਰ ਸਕਣਗੇ। ਨਿਊ ਟਿਊਰਿੰਗ ਸਕੀਮ ਹੇਠ ਭਾਰਤ ਸਮੇਤ ਹੋਰ ਮੁਲਕਾਂ ਦੇ ਵਿਦਿਆਰਥੀ ਯੂ ਕੇ ਦੀਆਂ ਸਿੱਖਿਆ ਸੰਸਥਾਵਾਂ ਵਿੱਚ ਪੜ੍ਹਨ ਦੇ ਨਾਲ ਇੱਥੇ ਕੰਮ ਵੀ ਕਰ ਸਕਣਗੇ। ਇੰਗਲਿਸ਼, ਮੈਥ ਦੇ ਮਾਹਰ ਤੇ ਕੋਡਬ੍ਰੇਕਰ ਐਲਨ ਟਿਊਰਿੰਗ ਦੇ ਨਾਮ ਉੱਤੇ ਚਲਾਈ ਗਈ ਇਹ ਸਕੀਮ ਬ੍ਰੈਗਜ਼ਿਟ ਦੇ ਬਾਅਦ ਨਵਾਂ ਮੀਲਪੱਥਰ ਸਾਬਿਤ ਹੋ ਸਕਦੀ ਹੈ ਤੇ ਯੂਰੋਪੀਨ ਯੂਨੀਅਨ ਵਿਸ਼ੇਸ਼ ਵਿਦਿਆਰਥੀ ਤਬਾਦਲਾ ਪ੍ਰੋਗਰਾਮ 'ਐਰਾਸਮਸ' ਦੀ ਥਾਂ ਲਏਗੀ। ਇਸ ਸਕੀਮ ਦਾ ਮੁੱਖ ਮੰਤਵ ਵਿਦੇਸ਼ ਵਿੱਚ ਪੜ੍ਹਨ ਦੇ ਚਾਹਵਾਨ ਵਿਦਿਆਰਥੀਆਂ ਦੇ ਨੈਟਵਰਕ ਦੇ ਘੇਰੇ ਨੂੰ ਖੁੱਲ੍ਹਾ ਕਰਨਾ ਹੈ।

ਯੂ ਕੇ ਦੇ ਸਿੱਖਿਆ ਵਿਭਾਗ ਨੇ ਪੁਸ਼ਟੀ ਕੀਤੀ ਹੈ ਕਿ ਭਾਰਤ ਉਨ੍ਹਾਂ ਦੇ ਮੁਲਕ ਵਿੱਚ ਕੌਮਾਂਤਰੀ ਵਿਦਿਆਰਥੀਆਂ ਨੂੰ ਭੇਜਣ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਅੱਵਲ ਨੰਬਰ ਹੈ, ਜਿਨ੍ਹਾਂ ਨਾਲ ਯੂ ਕੇ ਦੀਆਂ ਯੂਨੀਵਰਸਿਟੀਆਂ ਵਿਦਿਆਰਥੀ ਤਬਾਦਲਾ ਪ੍ਰਾਜੈਕਟਾਂ ਬਾਰੇ ਸਮਝੌਤੇ ਦੀਆਂ ਚਾਹਵਾਨ ਹਨ। ਯੂ ਕੇ ਦੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਨੇ ਕਿਹਾ, 'ਦਿ ਟਿਊਰਿੰਗ ਸਕੀਮ ਅਸਲ ਵਿੱਚ ਸੰਸਾਰ ਪੱਧਰੀ ਪ੍ਰੋਗਰਾਮ ਹੈ, ਜਿਸ ਤਹਿਤ ਵਿਸ਼ਵ ਦਾ ਹਰ ਮੁਲਕ ਯੂ ਕੇ ਦੀਆਂ ਯੂਨੀਵਰਸਿਟੀਆਂ, ਸਕੂਲਾਂ ਤੇ ਕਾਲਜਾਂ ਨਾਲ ਭਾਈਵਾਲੀ ਪਾਉਣ ਦੇ ਯੋਗ ਹੈ।'

























## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ਼ੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜ਼ਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654












